ਤ੍ਰੈ ਮਾਸਿਕ ਪੁਸਤਕ ਲੜੀ

# ਰੂਹ ਪੰਜਾਬੀ

ਅੰਕ : 12
ਅਪ੍ਰੈਲ -ਜੂਨ 2016

**ਸਰਪ੍ਰਸਤ :**
ਡਾ. ਕਰਮਜੀਤ ਸਿੰਘ ਨਡਾਲਾ
ਪ੍ਰੀਤਮ ਸਿੰਘ ਨੌਰੰਗਪੁਰ

**ਮੁੱਖ ਸੰਪਾਦਕ :**
ਡਾ. ਜਸਵੰਤ ਸਿੰਘ

**ਆਨਰੇਰੀ ਸੰਪਾਦਕ :**
ਸਤਵਿੰਦਰ ਬੇਗੋਵਾਲੀਆ
98154-65620

**ਪ੍ਰਬੰਧਕੀ ਬੋਰਡ :**

ਸਰੂਪ ਸਿੰਘ ਖਾਸਰੀਆ
ਜਸਵੰਤ ਸਿੰਘ ਫਰਾਂਸ
ਰਮੇਸ਼ ਚੰਦਰ ਗਾਂਧੀ
ਗੁਰਸੇਵਕ ਸਿੰਘ
ਕਸ਼ਮੀਰ ਸਿੰਘ ਮੁਲਤਾਨੀ

ਸਲਾਹਕਾਰ ਬੋਰਡ

ਸੁਖਚੈਨ ਸਿੰਘ ਮੁਰੱਬੀਆ
ਜਗਜੀਤ ਸਿੰਘ ਖਾਸਰੀਆ
ਬਲਬੀਰ ਸਿੰਘ ਤਲਵੰਡੀ
ਅਮਰੀਕ ਸਿੰਘ ਰਾਵਾਂ
ਸਰਬਜੀਤ ਸਿੰਘ ਪੱਪਲ

**ਕੋਆਰਡੀਨੇਟਰ**

ਦਲਜੀਤ ਸਿੰਘ ਰਤਨ
ਬਬਲਾ ਬੇਗੋਵਾਲ
ਬਲਵਿੰਦਰ ਪੰਨੂੰ

## ਇਸ ਅੰਕ ਦੇ ਲੇਖਕ

**ਸੰਪਾਦਕੀ**
ਸਤਵਿੰਦਰ ਬੇਗੋਵਾਲੀਆ

**ਗ਼ਜ਼ਲਾਂ, ਕਵਿਤਾਵਾਂ ਤੇ ਗੀਤ**
ਭਜਨ ਸਿੰਘ ਵਿਰਕ, ਸੰਧੂ ਵਰਿਆਣਵੀ, ਸੁਲੱਖਣ ਸਰਹੱਦੀ, ਜੇ.ਪੀ. ਸਿੰਘ ਖਰਲਾਂ ਵਾਲਾ, ਕਲਿਆਣ ਅੰਮ੍ਰਿਤਸਰੀ, ਬਲਵਿੰਦਰ ਪੰਨੂੰ, ਬਲਵਿੰਦਰ ਬਾਲਮ ਗੁਰਦਾਸਪੁਰ, ਮਹਿੰਦਰ ਮਾਨ ਗੁਰਦਿਆਲ ਪੱਲ੍ਹਾ, ਕੁਲਦੀਪ ਕੌਰ ਚੱਠਾ, ਪਰਮਜੀਤ ਪਰਮ, ਸੁਖਚੈਨ ਸਿੰਘ, ਹਰਜਸ ਦਿਲਬਰ, ਰਜਿੰਦਰ ਦਿਲਬਰ, ਅਜੀਤ ਸਿੰਘ ਰਾਹੀ, ਦਿਲਰਾਜ ਸਿੰਘ ਦਰਦੀ, ਪੋਰਿੰਦਰ ਸਿੰਗਲਾ ਢਪਾਲੀ ਲੱਖਣ ਮੇਘੀਆ, ਗੁਰਵਿੰਦਰ ਸੈਣੀ, ਜਗਜੀਤ ਸਿੰਘ ਗੁਰਮ, ਹਰਚਰਨ ਕੌਰ

**ਨਾਟਕ/ਇਕਾਂਗੀ :**
ਸਤਵਿੰਦਰ ਬੇਗੋਵਾਲੀਆ

ਕਹਾਣੀ/ ਮਿੰਨੀ ਕਹਾਣੀ
ਡਾ. ਜਗੀਰ ਸਿੰਘ ਨੂਰ, ਮਨਪ੍ਰੀਤ ਕੌਰ ਭਾਟੀਆ, ਭੀਮ ਸਿੰਘ ਗਰਚਾ

**ਲੇਖ :**
ਦਰਸ਼ਨ ਸਿੰਘ ਰਿਆੜ

**ਸਮੀਖਿਆ**
ਕਰਮਵੀਰ ਸਿੰਘ ਸੂਰੀ, ਪ੍ਰੋ. ਗੁਰਜੀਤ ਕੌਰ

ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ
* ਸਤਵਿੰਦਰ ਬੇਗੋਵਾਲੀਆ, ਵਾਰਡ ਨੰ. 2, ਟਾਂਡਾ ਰੋਡ ਬੇਗੋਵਾਲ (ਕਪੂਰਥਲਾ)-144621

Email : daljit44411@yahoo.co.in

ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ। ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।



*ਸੰਪਾਦਕੀ*

## ਖ਼ਾਲਸਾ ਪੰਥ ਦੀ ਸਿਰਜਣਾ

ਗੁਰੂ ਗੋਬਿੰਦ ਸਿੰਘ ਜੀ ਦਾ ਸਭ ਤੋਂ ਮਹਾਨ ਕਾਰਜ 1699 ਵਿੱਚ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਿਰਜਣਾ ਕਰਨਾ ਸੀ। ਜਮਹੂਰੀਅਤ ਪਸੰਦ ਲੋਕਾਂ ਲਈ ਇਸ ਕਾਰਜ ਦਾ ਮਹੱਤਵ ਬੜਾ ਅਹਿਮ ਹੈ। ਕੱਟੜ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਇਹ ਫੁਰਮਾਨ ਸੀ ਭਾਰਤ ਵਿੱਚ ਇਸਲਾਮ ਤੋਂ ਬਿਨਾਂ ਹੋਰ ਸਭ ਧਰਮਾਂ ਦਾ ਨਾਮੋ ਨਿਸ਼ਾਨ ਹੀ ਮਿਟਾ ਦਿੱਤਾ ਜਾਵੇ। ਹਿੰਦੂਆਂ ਦੀ ਦਸ਼ਾ ਇੰਨੀ ਤਰਸਯੋਗ ਸੀ ਕਿ ਉਹ ਚੰਗਾ ਪਹਿਰਾਵਾ ਵੀ ਨਹੀਂ ਪਹਿਨ ਸਕਦੇ ਸਨ, ਤਿਉਹਾਰ ਵੀ ਨਹੀਂ ਮਨਾ ਸਕਦੇ ਸਨ, ਘੋੜ ਸਵਾਰੀ ਨਹੀਂ ਕਰ ਸਕਦੇ ਸਨ ਅਤੇ ਆਪਣੇ ਤੀਰਥ ਅਸਥਾਨਾਂ ਦੀ ਯਾਤਰਾ ਕਰਨ ਬਦਲੇ ਉਹਨਾਂ ਨੂੰ ਜਜ਼ੀਏ ਨਾਂ ਦਾ ਕਰ ਭਰਨਾ ਪੈਂਦਾ ਸੀ। ਖ਼ਾਲਸੇ ਦੀ ਸਿਰਜਣਾ ਨਾਲ ਅਜਿਹੀ ਸਿਰਲੱਥ ਕੌਮ ਦਾ ਜਨਮ ਹੋਇਆ ਜਿਸ ਨੇ ਮੁਗ਼ਲਾਂ ਦੁਆਰਾ ਕੀਤੇ ਜ਼ੁਲਮਾਂ ਨੂੰ ਵੰਗਾਰਿਆ, ਇੰਜ ਹਿੰਦੂ ਧਰਮ ਦੀ ਹੋਂਦ ਬਚੀ ਰਹੀ।

ਖ਼ਾਲਸਾ ਪੰਥ ਦੀ ਸਿਰਜਣਾ ਨਾਲ ਅਜਿਹੇ ਸਮਾਜ ਦਾ ਜਨਮ ਹੋਇਆ ਜਿਸ ਵਿੱਚ ਉਚ ਨੀਚ ਲਈ ਕੋਈ ਥਾਂ ਨਹੀਂ ਸੀ। ਸ਼ੂਦਰਾਂ ਅਤੇ ਹੋਰ ਨੀਵੀਆਂ ਜਾਤਾਂ ਨਾਲ ਸੰਬੰਧਤ ਲੋਕਾਂ ਨਾਲ ਨਫ਼ਰਤ ਭਰਿਆ ਸਲੂਕ ਕੀਤਾ ਜਾਂਦਾ ਸੀ, ਜਿਸ ਕਾਰਨ ਭਾਰਤੀ ਸਮਾਜ ਖੋਖਲਾ ਹੋ ਚੁੱਕਾ ਸੀ। ਗੁਰੂ ਗੋਬਿੰਦ ਸਿੰਘ ਨੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਖ਼ਾਲਸਾ ਪੰਥ ਵਿਚ ਸ਼ਾਮਲ ਕਰਕੇ ਇੱਕ ਕ੍ਰਾਂਤੀਕਾਰੀ ਕਦਮ ਚੁੱਕਿਆ। ਨਤੀਜੇ ਵਜੋਂ ਝਾੜੂ ਫੇਰਨ ਵਾਲੇ ਅਤੇ ਛਾਬੜੀਆਂ ਲਾਉਣ ਵਾਲੇ ਲੋਕਾਂ ਨੇ ਆਪਣੀ ਰੱਖਿਆ ਲਈ ਹੱਥਾਂ ਵਿੱਚ ਤਲਵਾਰਾਂ ਫੜ ਕੇ ਗੁਲਾਮੀ ਦਾ ਜੂਲਾ ਲਾਹ ਦਿੱਤਾ।

ਖ਼ਾਲਸਾ ਪੰਥ ਦੇ ਲੋਕ ਮੰਚ ਤੇ ਆਉਣ ਨਾਲ ਤਾਨਾਸ਼ਾਹੀ ਨੂੰ ਅਜਿਹੀ ਚੁਣੌਤੀ ਮਿਲੀ ਜਿਸ ਨਾਲ ਜਮਹੂਰੀਅਤ ਦੀ ਭਾਵਨਾ ਨੂੰ ਬਲ ਮਿਲਿਆ। ਗੁਰੂ ਗੋਬਿੰਦ ਸਿੰਘ ਜੀ ਨੇ ਐਲਾਨ ਕੀਤਾ ਕਿ ਕਿਧਰੇ ਵੀ ਅਹਿਮ ਮੌਕੇ ਪੰਜ ਸਿੱਖ ਇਕੱਠੇ ਹੋ ਕੇ ਕੋਈ ਮਹੱਤਵਪੂਰਨ ਫੈਸਲਾ ਕਰਨ ਤਾਂ ਉਹਨਾਂ ਦੇ ਹੁਕਮ ਨੂੰ ਗੁਰੂ ਦਾ ਆਦੇਸ਼ ਸਮਝਿਆ ਜਾਵੇਗਾ। ਨਿਰਸੰਦੇਹ ਖ਼ਾਲਸਾ ਪੰਥ ਦੀ ਸਿਰਜਣਾ 'ਜੀਓ ਅਤੇ ਜੀਣ ਦਿਓ' ਦੀ ਭਾਵਨਾ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇਨਕਲਾਬੀ ਕਦਮ ਸੀ।

*-ਸਤਵਿੰਦਰ ਬੇਗੋਵਾਲੀਆ*

◆◆◆

# .ਗਜ਼ਲਾਂ, ਕਵਿਤਾਵਾਂ ਤੇ ਗੀਤ

## ਦਬਾਅ ਹੀ ਦਬਾਅ ਹੈ

ਹਰ ਇਕ ਆਦਮੀ ’ਤੇ ਦਬਾਅ ਹੀ ਦਬਾਅ ਹੈ;
ਤੇਰੇ ’ਤੇ ਦਬਾਅ ਹੈ, ਮੇਰੇ ’ਤੇ ਦਬਾਅ ਹੈ।

ਨਜ਼ਰ ਮੈਨੂੰ ਆਉਂਦਾ ਹੈ ਸੱਜੇ ਤੇ ਖੱਬੇ;
ਪਿਛਾਂਹ ਵੀ ਦਬਾਅ ਹੈ, ਅਗਾਂਹ ਵੀ ਦਬਾਅ ਹੈ।

ਮਲਾਹਾਂ ਨੇ ਛੱਡੀ ਨਾ ਕੋਈ ਕਸਰ ਵੀ;
ਸਫ਼ੀਨਾ ਦਬਾਅ ਹੈ ਤੇ ਚੱਪੂ ਦਬਾਅ ਹੈ।

ਅਸਾਂ ਕੋਲ ਪਾਣੀ, ਹਵਾ ਹੁਮ ਜਿਵੇਂ ਨੇ,
ਕਿ ਬੰਦੇ ਦੀ ਕਾਇਆ ’ਤੇ ਪੈਂਦਾ ਦਬਾਅ ਹੈ।

ਹਯਾਤੀ ਕਦੇ ਵੀ ਨਾ ਅਜ਼ਾਦ ਹੋਈ;
ਦਬਾਅ ਨੌਕਰੀ ਹੈ ਤੇ ਜੀਣ ਦਬਾਅ ਹੈ।

ਬ.ਗੀਚੇ ’ਚ ਬਚਿਆ ਨਾ ਕੋਈ ਦਬਾਅ ਤੋਂ;
ਦਬਾਅ ਹੇਠ ਫੁੱਲ ਵੀ, ਕਲੀ ’ਤੇ ਦਬਾਅ ਹੈ।

ਬਣੂ ਕੀ ਹਯਾਤੀ ਤੇਰਾ ਹੁਣ ਪਤਾ ਨਾ;
ਜ਼ਮੀਂ ’ਤੇ ਦਬਾਅ ਹੈ, ਗਗਨ ’ਤੇ ਦਬਾਅ ਹੈ।

**ਭਜਨ ਸਿੰਘ ਵਿਰਕ**
**ਪਿੰਡ ਤੇ ਡਾਕ. ਵਿਰਕ-144632**
**ਜ਼ਿਲ੍ਹਾ ਜਲੰਧਰ, ਮੋਬਾ. 99159-09441**

◆◆◆

## .ਗਜ਼ਲ

ਜਦ ਤਕ ਸਾਹ ਵਿਚ ਸਾਹ ਨੇ ਮੇਰਾ ਨੇਰ੍ਹਾ ਦੂਰ ਭਜਾਵਾਂਗਾ।
ਜੁਗਨੂੰ ਹਾਂ ਮੈਂ, ਵਿੱਤ ਮੁਤਾਬਿਕ ਚਾਨਣ ਨੂੰ ਵਿਖਰਾਵਾਂਗਾ।

ਜੀਵਨ ਦੇ ਹਰ ਬਿਖੜੇ ਰਾਹ ’ਤੇ ਯਾਦ ਮੈਂ ਤੈਨੂੰ ਆਵਾਂਗਾ।
ਤੇਰੇ ਦਿਲ ਵਿੱਚ ਚਾਹਤ ਬਣਕੇ ਫੁੱਲ ਵਾਂਗੂੰ ਮੁਸਕਰਾਵਾਂਗਾ

ਹੁਣ ਤਾਂ ਹੈ ਰੁੱਤ ਮਾਤਮ ਦੀ ਇਹ ਤੇ ਵੈਣਾਂ ਦਾ ਮੌਸਮ ਹੈ,
ਇਸ ਮੌਸਮ ਵਿੱਚ ਸੋਚੋ ਕਿੱਦਾਂ ਗੀਤ ਖ਼ੁਸ਼ੀ ਦੇ ਗਾਵਾਂਗਾ?



ਬੇਸ਼ੱਕ ਅੱਜ-ਕੱਲ੍ਹ ਏਸ ਚਮਨ ਵਿੱਚ ਖ਼ਾਰਾ ਦਾ ਹੀ ਵਾਸਾ ਹੈ,
ਐਪਰ ਇਕ ਦਿਨ ਫੁੱਲਾਂ ਵਾਂਗੂੰ ਇਸ ਨੂੰ ਮੈਂ ਮਹਿਕਾਵਾਂਗਾ।

ਦਾਮਨ ਮੇਰਾ ਲੀਰਾਂ-ਲੀਰਾਂ ਨਾਲ .ਗਮਾਂ ਦੇ ਯਾਰੀ ਹੈ,
ਫਿਰ ਵੀ ਤੇਰੀ ਖ਼ੁਸ਼ੀਆਂ ਖਾਤਿਰ ਜੋ ਆਖੇਂ ਬਣ ਜਾਵਾਂਗਾ।

ਕਾਲੀ ਬੋਲੀ ਰਾਤ ਹੈ ਭਾਵੇਂ ਸੋਚਾਂ ’ਤੇ ਵੀ ਪਹਿਰਾ ਹੈ,
ਕਵਿਤਾ ਬਣਕੇ ਫਿਰ ਵੀ ਤੇਰੇ ਬੁੱਲ੍ਹਾਂ ’ਤੇ ਆ ਜਾਵਾਂਗਾ।

ਤਨਹਾਈ ਵਿੱਚ ਜਦ ਵੀ ਮੈਨੂੰ ਆਪਾ ਠਰਦਾ ਜਾਪੇਗਾ,
ਨਿੱਘੇ-ਨਿੱਘੇ ਖ਼ਤ ਤੇਰੇ ਮੈਂ, ਸੀਨੇ ਨਾਲ ਲਗਾਵਾਂਗਾ।

ਹਰ ਦਿਲ ਅੰਦਰ ਬਲਦੀ ਹੈ ਜੋ ਇਕ ਮੁੱਦਤ ਦੇ ਪਿੱਛੋਂ ਵੀ,
ਸਾਂਝ, ਮੁਹੱਬਤ, ਮਿਲਵਰਤਨ ਸੰਗ ਮੈਂ ਉਹ ਅੱਗ, ਬੁਝਾਵਾਂਗਾ।

ਨਾਲ ਰਕੀਬਾਂ ਫਿਰਦਾ ਹਾਂ ਮੈਂ, ਇਹ ਮੇਰੀ ਮਜ਼ਬੂਰੀ ਹੈ,
ਵਕਤ ਪਏ ਤੇ ਦੇਖੀਂ ‘ਸੰਧੂ’ ਕੀ ਤੋਂ ਕੀ ਹੋ ਜਾਵਾਂਗਾ।

**ਸੰਧੂ ਵਰਿਆਣਵੀ**
**ਪ੍ਰਭਦੀਪ ਆਸ਼ੀਆਨਾ, ਬਸੰਤ ਨਗਰ, ਵਾਰਡ ਨੰ. 10**
**ਗੜ੍ਹਸ਼ੰਕਰ-144527, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)**
**ਮੋਬ. 99159-76210**

◆◆◆

## ਸਭ ਨੂੰ ਜ਼ੁਬਾਨ ਦੇ

ਖਲਕਤ ਨੂੰ ਦਾਤਾ ਤਰਕ ਦੇ ਹਕ ਸਚ ਦੀ ਸ਼ਾਨ ਦੇ।
ਸਭਨਾਂ ਨੂੰ ਲਾ ਕੇ ਅੱਖੀਆਂ ਸਭ ਨੂੰ ਜ਼ੁਬਾਨ ਦੇ।

ਪਰਦੇ ਜਲਾ ਦੇ ਨ੍ਹੇਰ ਦੇ ਚਾਨਣ ਦਾ ਦਾਨ ਦੇ।
ਪੁਟ ਰਸਤਿਆਂ ’ਚੋਂ ਸੂਲੀਆਂ ਰਾਹ-ਰਾਹ ਨੂੰ ਜਾਨ ਦੇ।

ਜੋਬਨ ਦੀ ਰੁੱਤੇ ਧੀਆਂ ਨੂੰ ਵਰ ਘਰ ਦੇ, ਹਾਣ ਦਾ,
ਕੁੜੀਆਂ ਨੂੰ ਖੰਭ, ਚਿੜੀਆਂ ਨੂੰ ਗਗਨੀ ਉਡਾਨ ਦੇ।

ਹਰ ਬੰਬ ਦੀ ਰੋਟੀ ਬਣ ਸਕੇ ਹਰ ਵੰਝ ਦੀ ਵੰਝਲੀ,
ਮਿੱਟੀ ਨੂੰ ਦੀਵੇ ਕਰਨ ਦਾ ਸਭ ਨੂੰ ਗਿਆਨ ਦੇ।

ਰੌਲ਼ੇ ਨੇ ਮੜ੍ਹੀਆਂ ਮਕਬਰੇ ਬੁਸ ਚੁੱਕੇ ਮਜ਼੍ਹਬ ਸਭ,
ਇਸ ਦਿਲ ਦੇ ਗੁੰਬਦੋਂ ਤੂੰ ਪ੍ਰੀਤਮ ਅਜ਼ਾਨ ਦੇ।

ਚੰਗੇਜ ਰੱਖ, ਮੋੜ ਸਿਕੰਦਰ ਮਹਾਨ ਸਭ
ਨਾਨਕ ਤੇ ਮੀਆਂ ਮਾਰ ਦੇ ਦੁੱਲਾ ਮਹਾਨ ਦੇ।

ਲਾਲਚ ਨਾ ਮਹਿਲ ਮਾੜੀਆਂ ਕਿੱਲ੍ਹਿਆਂ ਜਗੀਰਾਂ ਦਾ,
ਖ਼ਾਬਾਂ ਦੀ ਖੇਤੀ ਵਾਸਤੇ ਪਰ ਇਕ ਮਹਾਨ ਦੇ।

ਅੱਖਾਂ ਨੂੰ ਰੱਖੀ ਗਿੱਲੀਆਂ ਕਿ ਡੋਬੇ ਲੈ ਸਕਾਂ,
ਲੋਕਾਂ ਦੇ ਦਰਦ ਲਿਖ ਸਕਾਂ ਉਹ ਕਲਮਦਾਨ ਦੇ।

**ਸੁਲੱਖਣ ਸਰਹੱਦੀ**
**ਪਿੰਡ ਕੋਹਾੜ, ਡਾਕਖਾਨਾ ਦੇਹਰੀਵਾਲਾ ਡਰੋਗਾ,**
**ਜ਼ਿਲ੍ਹਾ ਗੁਰਦਾਸਪੁਰ** (ਪੰਜਾਬ)-143518
**ਮੋ. 94174-84337**

◆◆◆

## ਗ਼ਜ਼ਲ

ਕਿਸ ਨੂੰ ਹੈ, ਕਿਸ ਦੀ ਪਰਵਾਹ।
ਹੁੰਦੇ ਨੇ, ਹਰ ਰੋਜ਼ ਗੁਨਾਹ।

ਆਪੇ ਹੀ ਮਜ਼ਲੂਮ ਤੇ ਮੁਲਜ਼ਮ,
ਆਪ ਹੀ ਮੁਨਸਿਫ਼ ਆਪ ਗਵਾਹ।

ਸੋਚਾਂ, ਕਿੱਧਰ ਜਾਵਾਂ ਹੁਮ,
ਮੰਦਿਰ, ਗੁਰੂ ਘਰ ਜਾਂ ਦਰਗਾਹ?

ਨੇਤਾ ਹੈ, ਘਰ ਦਾ ਹਰ ਜੀ,
ਕਿਸ ਦਾ ਦੱਸੋ ਕਰਾਂ ਵਸਾਹ?

ਰੁੱਖ ਨਾਲ ਨਾ, ਲੋਥ ਜਲਾਇਓ,
ਮੇਰਾ ਕਰਿਓ ਜਲ-ਪ੍ਰਵਾਹ।

ਸਾਡੇ ਬਿਨ ਰੁੱਖ, ਜੀਣਗੇ ਪਰ,
ਇਨ੍ਹਾਂ ਬਿਨ ਨਾ 'ਸੈਂਪਲੇ' ਸਾਹ।

**ਨਾਇਬ ਸਿੰਘ ਸੈਂਪਲੇ**
**ਮੋ. 98724-05203**

◆◆◆



## ਪਹਿਲਾ ਤੰਦ ਤੱਕਲੇ ਦਾ

ਪਹਿਲਾ ਤੰਦ ਜਦੋਂ ਤੱਕਲੇ ਨੂੰ ਪਾਇਆ
ਚੰਨਾ ਵੇ ਤੇਰੀ ਯਾਦ ਆ ਗਈ।
ਦਿਲ ਰੋਂਦਾ ਮਸੀਂ ਚੁੱਪ ਮੈਂ ਕਰਾਇਆ।
ਚੰਨਾ ਵੇ ਤੇਰੀ ਯਾਦ ਆ ਗਈ।

ਕੱਤਣੀ ਦੇ ਵਿੱਚ ਸਨ ਪੂਣੀਆਂ ਵੇ ਬੱਤੀ।
ਐਸੀ ਯਾਦ ਆਈ, ਗਈ ਇੱਕ ਵੀ ਨਾ ਕੱਤੀ।
ਬੜੇ ਸ਼ੌਂਕ ਨਾਲ ਚਰਖਾ ਸੀ ਡਾਇਆ।
ਚੰਨਾ ਵੇ ਤੇਰੀ......

ਤੱਕਲੇ ਤੋਂ ਤੰਦ ਭੈੜੀ ਲੱਥ-ਲੱਥ ਜਾਂਦੀ ਵੇ।
ਘੂਕ ਮੈਨੂੰ ਚਰਖੇ ਦੀ ਵੱਡ ਵੱਡ ਖਾਂਦੀ ਵੇ।
ਜਾਪੇ ਪੀੜਾਂ ਸੰਗ ਜਿੰਦ ਨੂੰ ਵਿਹਾਇਆ।
ਚੰਨਾ ਵੇ ਤੇਰੀ....

ਪੂਣੀਆਂ ਦੇ ਵਾਂਗੂੰ ਰੰਗ ਬੱਗਾ ਗਿਆ ਹੋ ਵੇ।
ਵੱਢ-ਵੱਢ ਖਾਂਦਾ ਮੈਨੂੰ ਮਾਘ ਅਤੇ ਪੋਹ ਵੇ।
ਕੈਸਾ ਰੋਗ ਤੂੰ ਅਵੱਲੜਾ ਲਾਇਆ।
ਚੰਨਾ ਵੇ ਤੇਰੀ....

ਗਿੱਠ ਗਿੱਠ ਹੰਝੂ ਮੇਰੇ ਅੱਖੀਆਂ 'ਚੋਂ ਵੱਗਦੇ।
ਹੋਰ ਨਹੀਓਂ ਸੇਕੀ ਜਾਂਦੀ ਹਿਜ਼ਰਾਂ ਦੀ ਅੱਗ ਵੇ।
ਆ ਜਾ ਛੱਡ ਕੇ ਤੂੰ ਮੁਲਕ ਪਰਾਇਆ।
ਚੰਨਾ ਵੇ ਤੇਰੀ.....

ਸਾਹ ਮੇਰੇ ਤੇਰੇ ਬਾਝੋਂ ਟੁੱਟ ਟੁੱਟ ਜਾਣ ਵੇ।
ਆਣ ਕੇ ਬਚਾ ਲੈ ਜੇ.ਪੀ. ਜਾਂਦੀ ਮੇਰੀ ਜਾਨ ਵੇ
ਤੇਰੀ ਦੀਦ ਬਾਝੋਂ ਮੰਨ ਤ੍ਰਿਹਾਇਆ।
ਚੰਨਾ ਵੇ ਤੇਰੀ......

**ਜੇ.ਪੀ. ਸਿੰਘ ਖਰਲਾਂ ਵਾਲਾ**
**ਗੁਰਦਾਸਪੁਰ**
**ਮੋ. 98882-18022**

◆◆◆

## ਗ਼ਜ਼ਲ

**ਕਲਿਆਣ ਅੰਮ੍ਰਿਤਸਰੀ**

ਇਸ ਵਿੱਚ ਜਿੰਨਾ ਦਰਦ ਪਲੇਗਾ।
ਦਿਲ ਦਾ ਹੋਰ ਗ਼ੁਲਾਬ ਖਿੜੇਗਾ।

ਦਵਾ ਮੈਨੂੰ ਹੈ ਏਹੋ ਮਾਫ਼ਿਕ,
ਦਰਦ ਮਿਲੇ ਤਾਂ ਚੈਨ ਮਿਲੇਗਾ।

ਰੌਸ਼ਨ ਹੋਊ ਚਾਰ-ਚੁਫ਼ੇਰਾ,
ਦਰਦਾਂ ਦਾ ਜਦ ਦੀਪ ਜਲੇਗਾ।

ਜਿਉਂ-ਜਿਉਂ ਕਰੋ ਦਵਾ ਦਰਦਾਂ ਦੀ,
ਦਰਦ ਹਮੇਸ਼ਾ ਹੋਰ ਵਧੇਗਾ।

ਦਰਦ ਹੀ ਜਿਸਦਾ ਹੋਵੇ ਦਾਰੂ,
ਉਸਦਾ ਦਾਰੂ ਕੌਣ ਕਰੇਗਾ।

ਫੋਲੋਗੇ ਜਦ ਵਹੀ ਦਰਦਾਂ ਦੀ,
ਹਰ ਹਿਨਸਾ ਮੇਰੀ ਗੱਲ ਕਰੇਗਾ।

ਮਹਿਕ ਪਵੇਗੀ ਹੋਰ ਮਨੁੱਖ਼ਤਾ,
ਇਸ ਵਿੱਚ ਜਿੰਨਾਂ ਦਰਦ ਵਧੇਗਾ।

ਦਰਦਾਂ 'ਚੋਂ ਖ਼ੁਸ਼ਬੂ ਆਵੇਗੀ,
ਦਰਦਾਂ ਸੰਗ ਜਦ ਦਰਦ ਮਿਲੇਗਾ।

ਕਰੇਂਗਾ ਪੂਜਾ ਜੇ ਦਰਦਾਂ ਦੀ,
ਰੱਬ ਨਾ ਤੈਥੋਂ ਦੂਰ ਰਹੇਗਾ।


**1096-ਗਲੀ ਨੰ. 7, ਅਬਾਦੀ ਕਰਮ ਪੁਰਾ**
**ਅੰਮ੍ਰਿਤਸਰ**, ਮੋ. 8054381351

◆◆◆

## ਗ਼ਜ਼ਲ

ਵਾਰਸ ਸ਼ਾਹ ਦਾ ਚਰਚਾ ਏਨਾ ਚਿਰ ਨਾ ਹੁੰਦਾ।
ਜੇ ਸ਼ਬਦਾਂ ਦਾ ਸਾਇਆ ਉਸਦੇ ਸਿਰ ਨਾ ਹੁੰਦਾ।
ਮੇਰੀ ਜਿੱਤ ਯਕੀਨਨ ਹੁੰਦੀ, ਜੇਕਰ ਮਿੱਤਰਾਂ,
ਪਾਸਾ ਪਲਟ ਕੇ ਤੂੰ ਦੂਸਰੀ ਧਿਰ ਨਾ ਹੁੰਦਾ।
ਗਲ ਲਵਾ ਗਲ ਘੁੱਟਣ ਲਈ ਨਾ ਆਦਤ ਮੇਰੀ,





ਐਨਾ ਮਿਥੋਂ ਨਜ਼ਰਾਂ ਦੇ ਵਿੱਚ ਗਿਰ ਨਾ ਹੁੰਦਾ।
ਅੱਤ ਮੁਰ੍ਹੇ ਨਾ ਆਕੜ ਦਾ ਕੋਈ ਜਿੰਨਾ ਚਿਰ ਹੈ,
ਸਿਰ ਚੜ੍ਹਿਆ ਕੋਈ ਓਨਾ ਚਿਰ ਸਥਿਰ ਨਾ ਹੁੰਦਾ।
ਹੋਵੇ ਨੀਅਤ ਨਜ਼ਰ ਬੁਰੀ ਵਿਉਪਾਰੀ ਦੀ ਜੇ,
ਬੈਹ ਜਾਂਦਾ ਹੈ ਭੱਠਾ, ਧੰਦਾ ਫਿਰ ਨਾ ਹੁੰਦਾ।
ਹੋ ਸਕਦਾ ਦਸਤਾਰ ਨਾ ਹੁੰਦੀ ਸਾਡੇ ਸਿਰ ਵੀ,
ਗੁਰ ਤੇਗ ਬਹਾਦਰ ਵਾਰਿਆ ਜੇ ਸਿਰ ਨਾ ਹੁੰਦਾ।
ਸੁਪਨਾ ਬਣਕੇ ਨੈਣੀ ਜੇ ਵੱਸ ਜਾਵੇ ਤਾਂ,
ਹੰਝੂ ਬਣਕੇ ਪਨੂੰ ਤੋਂ ਫਿਰ ਕਿਰ ਨਾ ਹੁੰਦਾ।

**ਬਲਵਿੰਦਰ ਪੰਨੂੰ**
ਮੋ. 08809501278

◆◆◆

## ਗ਼ਜ਼ਲ



ਕੱਲ ਰਾਤੀਂ ਤਕਦੀਰ ਬਣਾਈ ਹੰਝੂਆਂ ਨੇ।
ਤੇਰੀ ਇਕ ਤਸਵੀਰ ਬਣਾਈ ਹੰਝੂਆਂ ਨੇ।

ਉਮਰਾਂ ਭਰ ਲਈ ਕੈਦ ਅਸਾਂ ਨੂੰ ਇੰਝ ਮਿਲੀ,
ਪੈਰਾਂ ਵਿਚ ਜ਼ੰਜੀਰ ਬਣਾਈ ਹੰਝੂਆਂ ਨੇ।

ਹੱਕਾਂ ਦੀ ਰਖਵਾਲੀ ਆਪੇ ਕਰ ਲੈਂਦੇ
ਪਲਕਾਂ ਵਿੱਚ ਸ਼ਮਸ਼ੀਰ ਬਣਾਈ ਹੰਝੂਆਂ ਨੇ।

ਆਪਣੀਂ ਪੈੜ ਦੇ ਪਿੱਛੇ-ਪਿੱਛੇ ਮੇਰੇ ਲਈ,
ਰਸਤੇ ਵਿੱਚ ਲਕੀਰ ਬਣਾਈ ਹੰਝੂਆਂ ਨੇ।

ਫੇਰ ਕ੍ਰਾਂਤੀ ਦੀ ਮੰਜ਼ਿਲ ਦੀ ਪੱਕੀ ਨੀਂਹ
ਸਾਰਾ ਪਰਬਤ ਚੀਰ ਬਣਾਈ ਹੰਝੂਆਂ ਨੇ।

ਮੁਰਦੇ ਨੂੰ ਵੀਂ ਫਿਰ ਤੋਂ ਜ਼ਿੰਦਾ ਕਰਨ ਲਈ,
ਹਾਸੇ ਦੀ ਅਕਸੀਰ ਬਣਾਈ ਹੰਝੂਆਂ ਨੇ।

ਸਾਰੇ ਤਾਰੇ ਤਾਂ ਹੀ ਜਗ ਮਗ ਜਗਦੇ ਨੇ,
ਅੰਬਰ ਵਿੱਚ ਤਦਬੀਰ ਬਣਾਈ ਹੰਝੂਆਂ ਨੇ,

ਉਡੀਕਾਂ ਵਿਚ ਪਲਕਾਂ ਦੀ ਪੱਕੀ ਨੀਂਹ ਉੱਤੇ,
ਅੰਬਰ ਤਕ ਤਾਮੀਰ ਬਣਾਈ ਹੰਝੂਆਂ ਨੇ।

ਉੱਚੇ-ਉੱਚੇ ਮਹਿਲ ਵੀ ਢੇਰੀ ਕਰ ਦਿੱਤੇ,
ਨਫ਼ਰਤ ਦੀ ਤਾਸੀਰ ਬਣਾਈ ਹੰਝੂਆਂ ਨੇ।

ਉਮਰਾਂ ਦੇ ਕਰਜ਼ਾਈ ਹੋਈ ਬੈਠੇ ਹਾਂ,
ਰੁਖ਼ਸਤ ਵਿਚ ਤਾਜੀਰ ਬਣਾਈ ਹੰਝੂਆਂ ਨੇ।
ਸੁੰਦਰ ਰੁਖ਼ਸਾਰਾਂ ਦੇ ਅੱਧ ਵਿਚਕਾਰੇ ਹੀ,
ਮਖ਼ਮਲ ਦੀ ਇਕ ਲੀਰ ਬਣਾਈ ਹੰਝੂਆਂ ਨੇ,

'ਬਾਲਮ' ਬਿਲਕੁਲ ਤੇਰੀ ਹੀ ਤਸਵੀਰ ਜਿਹੀ,
ਖ਼ਤ ਦੇ ਵਿੱਚ ਤਹਿਰੀਰ ਬਣਾਈ ਹੰਝੂਆਂ ਨੇ।

**-ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)**
**ਮੋ. 98156-25409**

◆◆◆

## .ਗ਼ਜ਼ਲ

ਬਹਿਰ (ਮੁਤਦਾਰਿਕ ਮੁਧੱਮਨ ਮਖ਼ਬੂਨ ਮਸਕਨ)

**ਪ੍ਰੋ. ਜਸਵੰਤ ਸਿੰਘ ਕੈਲਵੀ**
**ਮੋ. 98783-81474**



ਨਾਲ ਅਸਾਡੇ ਪਾ ਕੇ ਯਾਰੀ
ਸਭ ਨੇ ਲੁੱਟਿਆ ਵਾਰੋ ਵਾਰੀ।

ਸਾਡਾ ਦਿਲ ਤਾਂ ਕੋਮਲ ਰੁੱਖ ਸੀ
ਕੋਮਲ ਰੁੱਖ ਤੇ ਫੇਰੀ ਆਰੀ।

ਸਾਡਾ ਵਾਅਦਾ ਸੱਚਾ, ਐਪਰ
ਤੇਰਾ, ਲਗਦਾ ਏ, ਸਰਕਾਰੀ!

ਲੰਘੀ ਰਾਤ ਉਡੀਕਾਂ ਅੰਦਰ
ਸੱਜਣਾ! ਤੱਕ ਲੈ ਖੁਲ੍ਹੀ ਬਾਰੀ!

ਉਹ ਧਰਤੀ ਹੈ ਸੁਰਗ ਦਾ ਟੋਟਾ,
ਜਿੱਥੇ ਪੂਜੀ ਜਾਵੇ ਨਾਰੀ।

ਕੋਲ ਨਹੀਂ ਰੰਗ ਇਕ ਵੀ ਮੇਰੇ
ਕੀ ਕਰਨੀ ਮੈਂ ਫਿਰ ਪਿਚਕਾਰੀ?

ਮੌਤ ਕਦੇ ਨਾ ਭੁੱਲਦੀ ਚੇਤਾ
ਚੇਤੇ ਰੱਖਦੀ ਸਭ ਦੀ ਵਾਰੀ।



ਜਿਸ ਨੇ ਮੈਨੂੰ ਜੀਵਨ ਦਿੱਤਾ
ਜਾਵਾਂ ਉਸ ਤੋਂ ਮੈਂ ਬਲਿਹਾਰੀ।
ਵਿੱਚ ਹਨੇਰੇ ਟੋਲ ਰਹੇ ਹਾਂ
ਕਿੱਥੇ ਸਾਡੀ ਏ ਸਿਰਦਾਰੀ?

ਪੈਦਾ ਕਰਦੇ ਆਪੇ ਵਿੱਚੋਂ,
ਫੁੱਲ ਨਹੀਂ ਮੰਗਦੇ ਮਹਿਕ ਉਧਾਰੀ।

ਆਖੇ ਲੱਗੋ 'ਜਸ' ਦੇ ਯਾਰੋ
ਸਾਂਭੋ, ਵਿਰਸੇ ਦੀ ਫੁਲਕਾਰੀ।

◆◆◆

## .ਗ਼ਜ਼ਲ

ਪਾਏ ਜੋ ਰਾਹੋਂ, ਕੁਰਾਹੇ
ਪਾਏ ਜੋ ਰਾਹੋਂ, ਕੁਰਾਹੇ ਆਪਣੇ ਹੀ ਦਿਲਦਾਰ ਨੂੰ,
ਦੱਸੋ ਕੀ ਦੱਸੇਗਾ ਰਾਹ ਉਹ ਬਾਕੀ ਦੇ ਸੰਸਾਰ ਨੂੰ।
ਉਸ ਨੂੰ ਖ਼ੁਦ ਹੀ ਮਾਰਿਆ ਹੈ ਦਾਜ ਦੇ ਲਾਲਚੀਆਂ ਨੇ,
ਜ਼ਹਿਰ ਕਾ ਕੇ ਮਰਨ ਦੀ ਕੀ ਲੋੜ ਸੀ ਮੁਟਿਆਰ ਨੂੰ।
ਸਾਰੀਆਂ ਚੀਜ਼ਾਂ ਦੀ ਕੀਮਤ ਵਧ ਰਹੀ ਹੈ ਦਿਨ-ਬ-ਦਿਨ,
ਖਾਲੀ ਹੱਥੀਂ ਕਾਮੇ ਕੀ ਲੈਣਾ ਜਾ ਕੇ ਬਾਜ਼ਾਰ ਨੂੰ।
ਹੁੰਦਾ ਹੈ ਕਾਬਿਲ ਲੋਕਾਂ ਦੇ ਪਿਆਰ ਦਾ ਉਹ ਡਾਕਟਰ,
ਜੋ ਸਦਾ ਵਧੀਆ ਦਵਾ ਦਿੰਦੀ ਹੈ ਹਰ ਬੀਮਾਰ ਨੂੰ।
ਜਿਸ ਦੇ ਵਿੱਚ ਸੱਚ, ਝੂਠ ਦਾ ਕੀਤਾ ਨਿਤਾਰਾ ਹੁੰਦਾ ਹੈ,
ਲੋਕ ਪੜ੍ਹਦੇ ਨੇ  ਬੜੇ ਚਾਅ ਨਾਲ ਉਸ ਅਖ਼ਬਾਰ ਨੂੰ।
ਤਾਂ ਕਿ ਮੇਰੇ ਕੋਲ ਨਾ ਫ਼ਿਕਰਾਂ ਦਾ ਰਾਖਸ਼ ਆ ਸਕੇ,
ਮੈਂ ਹਮੇਸਾ ਕੋਲ ਰੱਖਾਂ ਆਸ਼ਾ ਦੀ ਤਲਵਾਰ ਨੂੰ।
ਕੁਝ ਪਲਾਂ ਦੇ ਵਿੱਚ ਤੂੰ ਇਸ ਦੇ ਨਾਲ ਖ਼ੁਦ ਸੜ ਜਾਣਾ ਹੈ,
ਦਿਲ ਦੇ ਵਿੱਚੋਂ ਕੱਢ ਦੇ ਯਾਰਾ, ਘਿਰਣਾ ਦੇ ਅੰਗਾਰ ਨੂੰ।

**ਮਹਿੰਦਰ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ**
**(ਸ.ਭ.ਸ. ਨਗਰ) 9915803554**

◆◆◆

## ਨਜ਼ਮ

**ਗੁਰਦਿਆਲ ਪੱਲ੍ਹਾ**

ਥਲ ਜਾਂ ਸਮੁੰਦਰ ਹਾਂ ਤੇਰੇ ਸਾਹਮਣੇ ਖੜਾ ਹਾਂ।
ਵਗਦੇ ਪਾਣੀ ਦੀ ਹਿੱਕ ਤੇ ਪਿਆ ਇਕ ਗੜਾ ਹਾਂ।

ਭਟਕ ਹੀ ਜਾਂਦੀ ਹੈ ਬੰਦੇ ਦੀ ਜ਼ਮੀਰ ਅਕਸਰ
ਖਪਤ ਦੇ ਬਜ਼ਾਰ ਵਿੱਚ ਲਗਾ ਹੋਇਆ ਦੜਾ ਹਾਂ।

ਅਵਾਰਗੀ ਦੇ ਸਫ਼ਰ ਤੇ ਥਿੜਕ ਜਾਂਦੇ ਨੇ ਕਦਮ
ਚਲਿਆ ਸਾਂ ਜਿਥੋਂ ਉਥੇ ਦਾ ਉਥੇ ਹੀ ਖੜਾ ਹਾਂ।

ਨਾ ਤ੍ਰਿਸ਼ੂਲ ਨਾ ਤਲਵਾਰ ਨਾ ਗੋਲੀ ਦਾ ਸਿੱਕਾ
ਵਰਤਮਾਨ ਦੇ ਹੱਥ ਪਿਆਰ ਮੁਹੱਬਤ ਦਾ ਕੜਾ ਹਾਂ।

ਕਲਰ ਮਿੱਟੀ ਰੋੜਾਂ ਭਰੀ ਮੀਂਹ ਨੂੰ ਤਰਸ ਰਹੀ
ਪਥਰੀਲਾ ਮਾਰੂਥਲ ਮੈਦਾਨ ਇਕ ਰੜਾ ਹਾਂ।

ਅਗਨ ਇਕ ਅਨੋਖੀ ਸੀਨੇ ਅੰਦਰ ਧੁਖਦੀ ਰਹੀ
ਮੜੀਆਂ ਵਿੱਚ ਫੂਕਣ ਲਈ ਬਣਿਆ ਇਕ ਥੜਾ ਹਾਂ।

ਖ਼ੂਬਸੂਰਤ ਪਲ ਵੀ ਕਿਰਦੇ ਰਹੇ ਜੀਵਨ ਵਿਚੋਂ
ਠੀਕਰੀਆਂ ਹੋ ਕੇ ਵੀ ਸਬੂਤਾ ਇਕ ਘੜਾ ਹਾਂ।

**ਪਿੰਡ ਪੱਲ੍ਹਾ, ਡਾਕਖਾਨਾ: ਗੱਗੜ ਭਾਣਾ,**
**ਜ਼ਿਲ੍ਹਾ ਅੰਮ੍ਰਿਤਸਰ** - 143205
ਮੋ. 9592446162

◆◆◆

## ਗ਼ਜ਼ਲ

ਤੂੰ ਮੈਨੂੰ ਕਵਿਤਾ ਲੜ ਲਾਇਆ।
ਤੇਰਾ ਵੀ ਮੈਂ ਦਰਦ ਹੰਢਾਇਆ।

ਬਹੁਤਾ ਕੁਝ ਜੇ ਖੱਟਿਆ ਏ ਮੈਂ,
ਬਹੁਤਾ ਕੁਝ ਜੀਵਨ ਵਿੱਚ ਪਾਇਆ।

ਤੇਰੇ ਤੇ ਕੀ ਗਿਲਾ ਐ ਸੱਜਣਾਂ
ਦੁੱਖ ਵਿੱਚ ਤਾਂ ਛੱਡ ਜਾਂਦਾ ਸਾਇਆ।



ਕੱਲ-ਕਰਾਰ ਮੈਂ ਲੱਭਾਂ ਉਸ 'ਚੋਂ
ਜੋ ਤੂੰ ਹਰਦਮ ਲਾਰਾ ਲਾਇਆ।

ਉਸ ਸਾਗਰ ਦੀ ਪਿਆਸ ਬੁਝਾਉਣੀ?
ਜੋ ਨਦੀਆਂ ਦਾ ਆਪ ਤਿਹਾਇਆ।

ਹੰਝੂ ਹਾਉਕੇ ਦਰਦ ਤੇ ਪੀੜਾਂ,
ਮੇਰੇ ਜੀਵਨ ਦਾ ਸਰਮਾਇਆ।

ਭਾਵੇਂ ਬਹੁਤਾ ਕੁਝ ਹੈ, ਲੇਕਿਨ
ਸਭ ਕੁਝ ਹੁੰਦੀ, ਨਹੀਂ ਹੈ ਮਾਇਆ।

ਧੌਲ ਬਲਦ ਹੈ 'ਬੱਗਾ' ਘਰਦਾ
ਜੁਗ ਜੁਗ ਜੀਵੇ ਅੰਮੀਂ ਜਾਇਆ।

ਸਭ ਨੂੰ ਹੀ ਨੇ ਭਾਉਂਦੇ ਚੱਠਾ
ਗੋਰਾ ਮੁਖੜਾ ਕੰਚਨ ਕਾਇਆ।

**ਕੁਲਦੀਪ ਕੌਰ ਚੱਠਾ**
ਫ਼ੋਨ - 94656-52316

◆◆◆

## ਸਟੌਪ

ਕਈ ਲੋਕ ਆਪਣੀ
ਡਾਇਰੀ ਦੇ ਪੰਨਿਆਂ ਤੇ
ਸੈਆਂ ਵਾਰ
ਰਾਮ, ਰਾਮ, ਅੱਲ੍ਹਾ ਅੱਲ੍ਹਾ
ਵਾਹਿਗੁਰੂ, ਵਾਹਿਗੁਰੂ
ਲਿਖਦੇ ਦੇਖੇ ਨੇ ਮੈਂ
ਪਤਾ ਨਹੀਂ ਇਸਦਾ ਫਲ
ਮਿਲਦਾ ਵੀ ਹੈ ਕਿ ਨਹੀਂ
ਮੈਂ ਆਪਣੀ ਡਾਇਰੀ ਦੇ
ਪੰਨਿਆਂ ਤੇ ਹਜ਼ਾਰ ਵਾਰ
'ਸਟੌਪ' ਸ਼ਬਦ ਲਿਖਿਆ
ਕਿ ਤੇਰੀ ਯਾਦ ਨਾ ਆਵੇ
ਪਰ ਚੰਦਰੀ ਮੇਰੇ ਤੇ
ਏਨੀ ਭਾਰੂ ਏ

ਕਿ ਇਕ ਸਕਿੰਟ ਵੀ
ਪਰ੍ਹੇ ਨਹੀਂ ਹੁੰਦੀ
ਹੁਣ ਤਾਂ 'ਸਟੌਪ'
ਵਾਲੇ ਵਰਕੇ ਤੇ
ਨਿਗਾਹ ਪੈਂਦੇ ਹੀ
ਬਸ ਮੁਸਕਰਾ ਪੈਂਦੀ ਹਾਂ।

**ਪਰਮਜੀਤ ਪਰਮ**
ਮੋ. 98782-49641

◆◆◆

*ਕਵਿਤਾ*

## ਕੁੜੀਆਂ ਨੇ ਮੇਰੇ ਦੇਸ਼ ਪੰਜਾਬ ਦੀਏ

ਕੁੜੀਏ ਨੇ ਮੇਰੇ ਦੇਸ਼ ਪੰਜਾਬ ਦੀਏ,
ਕੋਈ ਬੈਠ ਕੇ ਗੱਲ ਸੁਣਾ।
ਵੇ ਮੈਂ ਕਿਹੜੀ ਗੱਲ ਸੁਣਾਦਿਆਂ,
ਵੇ ਮੇਰਾ ਪਿਆ ਕਸਾਈ ਨਾਲ ਵਾਅ।

ਕੁੜੀਏ ਦੱਸ ਕਸਾਈ ਕੌਣ ਨੇ,
ਆਜਾ ਸੁਣਾਦੇ ਆਪਣੀ ਦਾਸਤਾਨ।
ਵੇ ਮੈਂ ਕਿਹੜੀ ਦਾਸਤਾਨ ਸੁਣਾ ਦਿਆਂ,
ਮੇਰਾ ਲੂੰ-ਲੂੰ ਉੱਠਿਆ ਕਹਿਰ ਨਾਲ।

ਕੁੜੀਏ ਅੱਜ ਮੈਂ ਸੁਣਕੇ ਤਾ ਜਾਣਾ ਏ,
ਤੇਰੀ ਲਹੂ ਭਿੱਜੀ ਦਾਸਦਾਨ।
ਵੇ ਜੇ ਤੂੰ ਸੁਣਨ ਦਾ ਮਨ ਬਣਾ ਲਿਆ,
ਲੈ ਸੁਣ ਲੈ ਮੇਰੀ ਦਾਸਤਾਨ।

ਵੇ ਮੈਂ ਜੰਮਦੀ ਪੱਥਰ ਹੋ ਗਈ,
ਕੁੜੀਏ ਪੱਥਰ ਨਾ ਆਖ ਆਪਣੇ ਆਪ ਨੂੰ,
ਤੂੰ ਕਿਸੇ ਦੀ ਜਨਣੀ ਕਿਸੇ ਦੀ ਭੈਣ।
ਵੇ ਮੈਂ ਲੋਟ-ਲੋਟ ਮਚਦੀ ਵਿੱਚ ਦਾਜ ਦੇ,
ਫਿਰ ਕਿਉਂ ਹੁੰਦਾ ਜਗ ਜਣਨੀ ਦਾ ਤ੍ਰਿਸਕਾਰ।

ਕੁੜੀਏ ਉਠ ਬਣ ਜਾ ਕਿਰਨ ਬੇਦੀ,
ਮਿਟਾ ਸੰਸਾਰ ਤੋਂ ਅੰਧਕਾਰ।



ਵੇ ਮੈਂ ਅੰਧਕਾਰ ਮਿਟਾਉਂਦੀ ਹੋਈ,
ਹੋਈ ਦਿੱਲੀ ਵਿੱਚ ਆਪਣਾ ਸ਼ਿਕਾਰ

ਕੁੜੀਏ ਉਠ ਬਣ ਜਾ ਲਕਸ਼ਮੀ ਬਾਈ,
ਜਿਹਨੇ ਦਿੱਤੀ ਅੰਗਰੇਜ਼ਾਂ ਨੂੰ ਵੰਗਾਰ,
ਵੇ ਮੈਂ ਕੀ ਵੰਗਾਰ ਦੇਣੀ ਅੰਗਰੇਜ਼ਾਂ ਨੂੰ,
ਵੇ ਮੇਰੇ ਆਪਣਿਆਂ ਹੀ ਲੁੱਟਿਆ ਮੇਰਾ ਵਕਾਰ।

**ਸੁਖਚੈਨ ਸਿੰਘ ਪੁੱਤਰ ਦਰਸ਼ਨ ਸਿੰਘ ਤੋਲਾਵਾਲ**
**ਡਾ. ਚੀਮ 148029, ਸੁਨਾਮ (ਸੰਗਰੂਰ), ਮੋ. 95015-30163**

◆◆◆

## ਰੱਬ ਨੂੰ ਪਿਆਰੇ

**ਹਰਜਸ ਦਿਲਬਰ**



ਦੋਵੇਂ ਹੱਥੀਂ ਤੋਰ
ਮਾਪੇ ਹਰਜਸ ਰੋਵੇ
ਅੱਖੀਆਂ 'ਚੋਂ ਹੰਝੂ
ਬਣ ਬਣ ਚੋਵੇ।
ਗ਼ਮ ਝੋਰੇ ਹਿੱਸੇ
ਸੱਭੇ ਹਰਜਸ ਆਏ
ਲੱਭੇ ਉਸਨੇ ਬਹੁਤ
ਮਾਪੇ ਉਹਨੂੰ ਨਾਂ ਥਿਆਏ।

ਲਿਖ ਲਿਖ ਮਾਪਿਆਂ
ਨੂੰ ਸ਼ੇਅਰਾਂ 'ਚ
ਪ੍ਰੋਵੇ ਹੁਣ ਬੁਕਬੁਕ
ਹਰਜਸ ਦਿਲਬਰ ਰੋਵੇ

ਨਹੀਂਉ ਅੱਜ ਤੱਕ
ਉਹਨੇ ਮਾਪੇ ਹੀ
ਸਤਾਏ ਬੜੇ ਹਰਜਸ
ਨੂੰ ਉਹਦੇ ਮਾਪੇ
ਯਾਦ ਆਏ।

ਇੰਜ ਲਗਦਾ ਹੈ
ਉਹਨੂੰ ਉਹਦੇ ਮਾਪੇ

ਆਉਣਗੇ
ਹਰਜਸ ਦਿਲਬਰ ਆਖ
ਕੇ ਬੁਲਾਉਣਗੇ।

ਭਾਵੇਂ ਉਹਦੇ ਮਾਪੇ ਹੋ
ਗਏ "ਰੱਬ ਨੂੰ ਪਿਆਰੇ"
ਹਰਜਸ ਮਾਪੇ ਸਨ
ਅੱਖੀਂਆਂ ਦੇ ਤਾਰੇ।

◆◆◆

*ਬਾਲ ਗੀਤ*

## ਕਰ ਲਓ ਪੜ੍ਹਾਈ ਤੁਸੀਂ ਰੱਜ ਕੇ

ਕਰ ਲਓ ਪੜ੍ਹਾਈ ਤੁਸੀਂ ਰੱਜ ਕੇ
ਜੇ ਨਾਂ ਉੱਚਾ ਕਰਨਾ ਏ,
ਵਿੱਚ ਸਕੂਲ ਦੇ ਜਾ ਕੇ
ਲਾਇਨਾਂ ਦੇ ਵਿੱਚ ਖੜ੍ਹਨਾ ਏ-ਕਰ ਲਓ
ਜਿਹੜੇ ਬੱਚੇ ਵਿੱਚ ਸਕੂਲ ਦੇ ਜਾਂਦੇ ਨੇ,
ਉੱਚੀਆਂ ਮੰਜ਼ਿਲਾਂ ਉਹੀਓ ਬੱਚੇ ਪਾਂਦੇ ਨੇ,
ਅੱਗੇ ਵਧਦੇ ਜਾਣਾ, ਨਾ ਪੈਰ ਪਿਛਾਂਹ ਧਰਨਾ ਏ-ਕਰ ਲਓ

ਵਿੱਦਿਆ ਕਹਿੰਦੇ ਇੱਕ ਅਮੁੱਲ ਗਹਿਣਾ ਏ,
ਨਾਲ ਜਿਸਨੇ ਸਾਰੀ ਜ਼ਿੰਦਗੀ ਰਹਿਣਾ ਏ
ਲਗਾ ਕੇ ਨਾਅਰਾ ਸਾਖਰਤਾ ਦਾ, ਹਰ ਇਕ ਨੇ ਪੜ੍ਹਨਾ ਏ- ਕਰ ਲਓ-

ਘਰ-ਘਰ ਜਾ ਕੇ ਅਨਪੜ੍ਹਾਂ ਨੂੰ ਤੁਸੀਂ ਪੜ੍ਹਾ ਦੇਣਾ,
ਉੱਠਣ-ਬੈਠਣ ਦਾ ਢੰਗ ਉਨਾਂ ਨੂੰ ਸਿਖਾ ਦੇਣਾ
ਦੁੱਖ ਅਨਪੜ੍ਹਤਾ ਦਾ, ਨਾ ਹੁਣ ਕਿਸੇ ਜ਼ਰਨਾ ਏ- ਕਰ ਲਓ-

ਚਾਵਾਂ ਦੇ ਨਾਲ ਭੱਜ-ਭੱਜ ਜਾਓ ਸਕੂਨ ਤੁਸੀਂ
ਸਿੱਖ ਕੇ ਆਓ ਜ਼ਿੰਦਗੀ ਦੇ ਕੁੱਝ ਅਸੂਲ ਤੁਸੀਂ,
ਨਾਲ ਹਿੰਮਤਾਂ ਬੱਚਿਓਂ, ਉੱਚਾ ਪਰਬਤ ਸਰ ਕਰਨਾ ਏ- ਕਰ ਲਓ
ਕਰ ਲਓ ਪੜ੍ਹਾਈਆਂ ਤੁਸੀਂ ਰੱਜਕੇ
ਜੇ ਨਾ ਉੱਚਾ ਕਰਨਾ ਏ
ਕਰ ਲਓ - ਕਰ ਲਓ-

**ਰਜਿੰਦਰ ਵਰਮਾ, 99142-21910**



## ਚੱਲੀਆਂ ਗਰਮ ਹਵਾਵਾਂ



ਬਾਗ ਮੇਰੇ ਤੇ ਪੱਤੇ ਝੜਗੇ,
ਚੱਲੀਆਂ ਗਰਮ ਹਵਾਵਾਂ।
ਚੀਸ ਵਿਛੋੜੇ ਵਾਲੀ ਉੱਠੀ,
ਕੀਹਨੂੰ ਦਰਦ ਸੁਣਾਵਾਂ।
ਰਸਤੇ ਦੇ ਵਿੱਚ ਭਟਕੀ ਜਾਵਾਂ,
ਦੱਸੋ ਕਿਧਰ ਜਾਵਾਂ।
ਹੁਣ ਤਾਂ ਰਾਤ ਹਨ੍ਹੇਰੀ ਦੇ ਵਿੱਚ,
ਪਲ ਪਲ ਠੋਕਰ ਖਾਵਾਂ।
ਨਾ ਮੇਰਾ ਕੋਈ ਅਤਾ ਪਤਾ ਹੀ,
ਨਾ ਮੇਰਾ ਸਿਰਨਾਵਾਂ।
ਮੇਰੇ ਬਿਛੜੇ ਸਾਥੀ ਤਾਈਂ,
ਨਾ ਸੁਨੇਹਾ ਕਾਵਾਂ।
ਮੇਰੇ ਨਾਂ ਕੋਈ ਦਿਲ ਦਾ ਦਰਦੀ,
ਕਿੱਥੇ ਮਹਿਫ਼ਲ ਲਾਵਾਂ।
ਸੁੰਨਾ ਮੇਰਾ ਜੀਵਨ ਹੋਇਆ,
ਗੀਤ ਲਿਖਾਂ ਕੀ ਗਾਵਾਂ।
ਮਾਰੂਥਲ ਵਿਚ ਰੁਲ ਗਈਆਂ,
ਸਜ ਲਿਖੀਆਂ ਕਵਿਤਾਵਾਂ।
ਜਿਗਰ ਮੇਰੇ ਦੀ ਤਪਦੀ ਬੱਠੀ,
ਭੁੰਨ ਕੇ ਖਾਗੀ ਚਾਵਾਂ।
ਜਦ ਵੀ ਪਿੰਡ ਦੀ ਯਾਦ ਸਤਾਵੇ,
ਭੱਜਿਆ ਭੱਜਿਆ ਜਾਵਾਂ।
ਜਦ ਘਰ ਦਾ ਮੈਂ ਜਿੰਦਾ ਦੇਖਾਂ,
ਕੂੰਜ ਵਾਂਗ ਕਰ ਲਾਵਾਂ।
ਲੱਗੇ ਸੱਟ ਰਾਹੀ ਦੇ ਸੀਨੇ,
ਰੋਵਾਂ ਤੇ ਪਛਤਾਵਾਂ।

**ਅਜੀਤ ਸਿੰਘ ਰਾਹੀ**
**ਮਕਾਨ ਨੰ. 12 ਗਲੀ ਨੰ. 1**
**ਗੁਰਮਤ ਕਲੋਨੀ ਨੇੜੇ ਸੂਲਰ ਚੌਂਕ**
**ਪਟਿਆਲਾ ਫ਼ੋਨ 98729-31704**

◆◆◆

ਖ਼ੁਦ ਹੀ ਜ਼ਿੰਮੇਵਾਰ ਹਾਂ ਲੁੱਟੇ ਚੈਨ ਕਰਾਰ ਦਾ
ਕਿਉਂਕਿ ਆਦੀ ਬਾਹਲਾ ਸੀ ਮੈਂ ਦਿਲਦਾਰ ਦਾ।

ਲੋੜ ਪੈਣ ਤੇ ਨਿਕਲੇ ਨਾ ਖਿੱਚਿਆਂ ਹੀ ਮਿਆਨੋਂ,
ਕੀ ਫਾਇਦਾ ਏ ਰੱਖੀ ਉਸ ਜੰਗਾਲੀ ਤਲਵਾਰ ਦਾ

ਔੜਾਂ ਲੱਗੀਆਂ ਤੇ ਧਰਤੀ ਦਾ ਸੀਨਾ ਪਾਟ ਗਿਆ
ਕੌਣ ਜਾਣੇ ਕੀ ਹਾਲ ਹੈ ਵਾਤਾਵਰਣ ਬੀਮਾਰ ਦਾ

ਕੋਇਲ ਸੁਣਾਵੇ ਮਿੱਠੜੇ ਗੀਤ ਕਾਂ ਤਾਂ ਸਿਰ ਹੀ ਖਾਵੇ
ਗੱਪਾਂ ਦੇ ਨਾਲ ਵੈਰ ਪੁਰਾਣਾ ਲੱਗੇ ਜਿਵੇਂ ਗੁਟਾਰ ਦਾ

ਨਕਲੀ ਖਾਣੇ ਬਣ ਰਹੇ ਨੇ ਸਿਹਤਾਂ ਦੇ ਨੁਕਸਾਨ ਲਈ
ਕੌਣ ਹੈ ਜ਼ਿੰਮੇਵਾਰ ਇਸ ਕੈਮੀਕਲ ਦੇ ਹਥਿਆਰ ਦਾ

ਯਾਦ ਦੀ ਵੰਝਲੀ ਵੱਜਦੀ ਮੈਂ ਵਤਨ ਜਾਣ ਨੂੰ ਸੋਚਾਂ
ਹੀਰੇ ਲੋਕ ਗਵਾ ਬੈਠਾ ਹੁਣ ਚੇਤਾ ਆਵੇ ਪਰਿਵਾਰ ਦਾ

ਇਸ਼ਕ ਨੇ ਐਸਾ ਜਾਦੂ ਕਰਿਆ ਰੱਬ ਤੋਂ ਯਾਰ ਨੂੰ ਮੰਗੇ
ਮੰਦਰੀਂ ਜਾ ਕੇ ਟੱਲ ਖੜਕਾਵੇ ਦਰਦੀ ਮੰਗਲਵਾਰ ਦਾ

**ਦਿਲਰਾਜ ਸਿੰਘ ਦਰਦੀ, ਮੇਰਠ**

◆◆◆

## ਪਿੰਡ ਦੀ ਯਾਦ

ਇਕ ਦਿਨ ਪਿੰਡ ਪੁਰਾਣੇ ਅੰਦਰ ਜਾਣ ਲਈ ਦਿਲ ਕਰਿਆ।
ਪਿੰਡ ਦੀਆਂ ਗਲੀਆਂ ਅੰਦਰ ਜਾ ਕੇ ਭੈਣ ਲਈ ਦਿਲ ਕਰਿਆ।
ਬਚਪਨ ਦੀਆਂ ਯਾਦਾਂ ਨੇ ਪਾਇਆ ਦਿਲ ਵਿੱਚ ਖੋਰੂ ਭਾਰੀ।
ਜੀ ਕੀਤਾ ਕਿ ਉੱਡ ਜਾਂ ਪਿੰਡ ਨੂੰ ਉਡ ਜਾਂ ਮਾਰ ਉਡਾਰੀ।
ਬਚਪਨ ਵਾਲੇ ਬੇਲੀਆਂ ਨੂੰ ਮੈਂ ਭੱਜ ਭੱਜ ਜਫੀਆਂ ਪਾਵਾਂ।
ਧਰਤੀ ਉਤੇ ਪੈਰ ਨਾ ਲੱਗਣ ਉੱਚਾ ਹੀ ਉਡਾ ਜਾਵਾਂ।
ਮਾਵਾਂ ਵਰਗੀਆਂ ਤਾਈਆਂ ਚਾਚੀਆਂ ਦੇ ਪੈਰੀਂ ਹੱਥ ਲਗਾਵਾਂ।
ਪਿੰਡ ਤੇ ਮੁੱਢ ਬਜ਼ੁਰਗਾਂ ਦੇ ਚਰਨਾਂ ਦੀ ਛੋਹ ਪਾਵਾਂ।
ਸੋਚਾਂ ਸੋਚਦਾ ਰਹਿ ਨਾ ਸਕਿਆ ਗੱਡੀ ਗੇਅਰ 'ਚ ਪਾਈ।
ਅੱਥਰਾ ਮਨ ਉਡਾਰੀਆਂ ਮਾਰੇ ਗੱਡੀ ਜਾ ਪਿੰਡ ਲਾਈ।
ਜਾਣ-ਪਛਾਣ ਦੇ ਘਰਾਂ ਵਿੱਚ ਜਾ ਕੇ ਵੈਰਾਗ ਜਾਗਿਆ ਭਾਰੀ।
ਆ 'ਪੋਰਿੰਦਰ' ਲੱਭ ਕੇ ਮਿਲੀਏ ਸੋਮਾ ਦਰਸ਼ੀ ਤਾਰੀ।
ਕੁਲਵੰਤਾ ਛਿੰਦਾ ਗੇਲਾ ਭੇਲਾ ਸ਼ਿੰਦਰ ਰਾਜ ਮੁਰਾਰੀ।
ਮੰਦਰ ਬੀਹਲਾ ਬ੍ਰੀਰਾ ਜੰਟਾ ਗਾਂਧੀ ਬਿੱਕਰ ਯਾਦ ਕਰਾਰੀ।
ਚਾਈਂ ਚਾਈਂ ਇਕ ਘਰ ਜਾ ਕੇ ਮੈਂ ਕੁੰਡਾ ਖੜਕਾਇਆ।
ਨਵੇਂ ਨਵੇਲੇ ਜੀਅ ਦੇਖ ਕੇ ਮੈਂ ਥੋੜਾ ਘਬਰਾਇਆ।



ਦੁਆ ਸਲਾਮ ਬੁਲਾ ਕੇ ਆਪਣਾ ਨਾਮ ਪਤਾ ਸਮਝਾਇਆ।
ਆਪਣੇ ਬਾਰੇ ਦੱਸ ਕੇ ਯਾਰ ਦਾ ਨਾਂ ਲੈ ਕੇ ਬੁਲਵਾਇਆ।
ਬਿਟ ਬਿਟ ਤਕਦੀ ਭਾਬੀ ਕਹਿੰਦੀ ਉਹ ਤਾਂ ਗੁਜਰ ਗਿਆ ਭਾਈ।
ਇਹ ਇਕ ਉਸਦਾ ਲੜਕਾ ਹੈ ਤੇ ਲੜਕੀ ਗਈ ਵਿਆਹੀ।
ਦਿਲ 'ਚੋਂ ਧਾਅ ਨਿਕਲ ਕੇ ਰਹਿਗੀ ਚਾਹ ਵੀ ਨਾ ਗਈ ਪੀਤੀ।
ਇੱਕ ਉਲਾਂਭਾ ਰੱਬ ਨੂੰ ਦਿੱਤਾ ਇਹ ਕੀ ਰੱਬਾ ਕੀਤੀ?
ਇਕ ਮਿੱਤਰ ਨੂੰ ਨਾਲ ਲਿਜਾ ਕੇ ਦੂਜੇ ਦਾ ਘਰ ਲੱਭਿਆ।
ਘਰ ਵਾਲਿਆਂ ਨੇ ਫ਼ੋਨ ਕੀ ਕੀਤਾ ਗੇਲਾ ਆਇਆ ਭੱਜਿਆ।
ਹੈਰਾਨ ਜਿਹੇ ਨੇ ਕੁਝ ਪਛਾਣ ਕੇ ਭੱਜ ਕੇ ਜੱਫੀ ਪਾਈ।
ਬਿਨਾਂ ਪੁਛਿਆਂ ਚਾਹ ਬਣਵਾ ਕੇ ਨਾਲ ਰੱਖੀ ਮਠਿਆਈ।
ਗੱਲਾਂ ਕਰਦਿਆਂ ਮੁੱਕਣ ਹੀ ਨਾ 'ਕੱਲੇ' ਕੱਲੇ ਬਾਰੇ ਪੁਛਾਂ।
ਨਿੱਕੇ ਨਿੱਕੇ ਵਿਛੜੇ ਸੀ ਹੁਣ ਭਰ ਗਏ ਦਾਹੜੀ ਮੁੱਛਾਂ।
ਇਕ ਇਕ ਦਾ ਨਾਂ ਲੈ ਕੇ ਮੈਂ ਜਾਨਣ ਦੀ ਕੋਸ਼ਿਸ਼ ਕੀਤੀ।
ਐਸ ਵੇਲੇ ਘਰ ਕੋਈ ਨਹੀਂ ਮਿਲਣਾ ਗੇਲੇ ਨੇ ਸੁਣਾਈ ਕੀਤੀ।
ਕੰਮੀਂ ਧੰਦੀਂ ਪਿੰਡ ਵਿੱਚ ਰਹਿੰਦਾ ਗਏ ਹੋਏ ਨੇ ਸਾਰੇ।
ਪਾਪੀ ਪੇਟ ਦੀ ਖ਼ਾਤਰ ਕਈ ਤਾਂ ਪਿੰਡੋਂ ਬਾਹਰ ਵਿਚਾਰੇ।
ਗੱਦ ਗੱਦ ਹੋਇਆ ਗੇਲਾ ਕਢ ਕੇ ਫ਼ੋਟੋ ਇਕ ਲਿਆਇਆ।
ਨੂੰਹ ਪੁੱਤਰਾਂ ਨੂੰ ਕੋਲ ਬੁਲਾ ਕੇ ਮੇਰਾ ਤੁਆਰਫ਼ ਕਰਵਾਇਆ।
ਛੋਟੇ ਹੁੰਦੇ 'ਕੱਠੇ ਪੜ੍ਹਦੇ ਸੀ ਗੇਲੇ ਨੇ ਦੱਸਿਆ ਭਾਈ।
ਉਹ ਭਾਪਾ 'ਤੇ ਮੈਂ ਅੰਕਲ ਸੀ ਸਮੇਂ ਨੇ ਯਾਦ ਦਿਵਾਈ।
ਰੋਟੀ ਬਿਨਾਂ ਉਹਨੇ ਆਉਣ ਨਾ ਦਿੱਤਾ ਮਿੱਠਾ ਖਾਸ ਬਣਾਇਆ।
ਵਰਿਆਂ ਪਿਛੋਂ ਅਪਣੱਤ ਦੇਖ ਕੇ ਨਸ਼ਾ ਜਿਹਾ ਚੜ੍ਹ ਆਇਆ।
ਮਿਲਦੇ ਰਹਿਣ ਦਾ ਵਾਅਦਾ ਕਰ ਕੇ ਫਿਰ ਤੋਂ ਵਿਛੜੇ ਸਾਥੀ।
ਇਕ ਦਿਨ ਫੇਰ ਮਿਲਣ ਲਈ ਕਹਿ 'ਕੱਠੇ ਕਰ ਸਾਰੇ ਸਾਥੀ।
ਚਾਲੀ ਸਾਲਾਂ ਦੇ ਵਕਫ਼ੇ ਪਿਛੋਂ ਮਨ ਨੂੰ ਰੱਜ ਨਾ ਆਇਆ।
ਊੜਾ ਐੜਾ ਜਿਥੇ ਸਿੱਖਿਆ ਸੀ; ਉਥੇ ਜਾ ਸੀਸ ਨਿਵਾਇਆ।
ਨਵੀਆਂ ਗੁੱਡੀਆਂ ਨਵੇਂ ਪਟੋਲੇ ਰੰਗ ਬਦਲ ਗਏ ਸਾਰੇ।
ਇਕ ਪਿੰਡ ਦੇ ਦੋ ਨਾਂ ਰੱਖ ਦਿੱਤੇ ਸਿਆਸਤ ਦੇ ਰੰਗ ਨਿਆਰੇ।
ਜੁਗੋ ਜੁਗ ਰਹੇ ਹਸਦਾ ਵਸਦਾ ਪਿੰਡ 'ਢਪਾਲੀ' ਮੇਰਾ।
ਬਣਿਆ ਰਹੇ ਇਤਫ਼ਾਕ ਹਮੇਸ਼ਾ ਮਹਿਕੇ ਚਾਰ ਚੁਫ਼ੇਰਾ।
ਇੱਕ ਬੇਨਤੀ ਕਰਾਂ ਮੈਂ ਪਿੰਡ ਦੇ ਲੋਕਾਂ ਨੂੰ ਹੱਥ ਬੰਨ੍ਹ ਕੇ।
ਨਸ਼ਿਆਂ ਤੋਂ ਕਰ ਲਓ ਤੌਬਾ ਵੀਰੋ ਰੱਬ ਨੂੰ ਦਿਲ ਤੋਂ ਮੰਨ ਕੇ।

**ਪੋਰਿੰਦਰ ਸਿੰਗਲਾ ਢਪਾਲੀ**
**102, ਗਰੀਨ ਐਵੀਨਿਊ,**
**ਬੀਬੀ ਵਾਲਾ ਰੋਡ ਬਠਿੰਡਾ।, ਮੋਬਾਇਲ. 9501000276**

◆◆◆

## ਗੀਤ

ਬਸ ਤੇਰੇ ਬਾਰੇ ਮੰਜੇ ਤੇ ਪਈ ਮਾਂ
ਗੱਲ੍ਹਾਂ ਕਰਦੀ ਐ...
ਤੈਨੂੰ ਚੇਤੇ ਕਰ-ਕਰ ਵੀਰਿਆ ਵੇ
ਮਾਂ ਹੋਕੇ ਭਰਦੀ ਐ....
ਤੂੰ ਛੇਤੀ ਛੱਡ ਕੇ ਆਜਾ ਵੀਰਿਆ
ਮੁਲਕ ਬੇਗਾਨੇ ਨੂੰ,
ਵੇਖਣ ਲਈ ਮਾਂ ਤਰਸ ਗਈ
ਇੱਕ ਤੇਰੇ ਚੇਹਰੇ ਨੂੰ
ਪੁੱਤ ਵੇਖੇ ਬਿਨਾਂ ਨਾ ਤੁਰ ਜਾ
ਏਹੋ ਗੱਲੋ ਡਰਦੀ ਐ...
ਤੈਨੂੰ ਚੇਤੇ
ਕਦ ਪੁੱਤ ਮੇਰੇ ਨੇ ਆਉਣਾ
ਮਾਂ ਤੇਰੇ ਬਾਰੇ ਪੁੱਛਦੀ ਐ.
ਜਦ ਮੈਂ ਆਖਾਂ ਵੀਰਾ ਛੇਤੀ ਆਉ
ਓਹਦੀ ਆਸ ਜੀ ਟੁੱਟਦੀ ਐ
ਫੋਟੋ ਚੁੰਮ ਕੇ ਤੇਰੀ ਸੀਨੇ
ਉੱਪਰ ਧਰਦੀ ਐ....
ਤੈਨੂੰ ਚੇਤੇ...
ਦੱਸ 'ਮੇਘੀਆਂ' ਦੇ ਵਿੱਚ ਤੇਰੇ ਬਿਨਾਂ
ਸਾਡਾ ਕੌਣ ਸਹਾਰਾ ਏ
ਬੁੱਢੇ ਬਾਪ ਦੀ ਲਾਠੀ ਤੂੰ, ਮਾਂ ਦੀ
ਅੱਖਾਂ ਦਾ ਤਾਰਾ ਏ,
ਤੇਰੇ ਫ਼ਿਕਰ ਵਿੱਚ ਮਾਂ ਵਿਚਾਰੀ
ਪਲ-ਪਲ ਖਰਦੀ ਐ...
ਤੈਨੂੰ ਚੇਤੇ ਕਰ-ਕਰ ਵੀਰਿਆ ਵੇ
ਮਾਂ ਹੋਕੇ ਭਰਦੀ ਐ....

**ਗੀਤਕਾਰ ਲੱਖਣ ਮੇਘੀਆ**
**ਡਾ. ਪੁਰਾਣਾ ਸ਼ਾਲਾ**
**ਜ਼ਿਲ੍ਹਾ ਗੁਰਦਾਸਪੁਰ**, ਮੋ. 783775134

◆◆◆



## ਸੁਨੇਹਾ

ਪੌਣਾਂ ਵਗਦੀਆਂ ਦੇਣ ਸੁਨੇਹਾ, ਨਿਰੰਤਰ ਤੁਰਦੇ ਜਾਈਏ।
ਮੰਜਲ ਸਾਹਵੇਂ ਆਉਂਦੀ ਜਾਪੇ, ਜਿਉਂ ਜਿਉਂ ਕਦਮ ਵਧਾਈਏ।
ਲੱਖ ਮੁਸੀਬਤਾਂ ਆਵਣ ਭਾਵੇਂ ਲੱਖਾਂ ਰੋਕਾਂ ਤੇ ਅਟਕਾਂ,
ਹਿੰਮਤ ਰੱਖੀਏ, ਉੱਦਮ ਕਰੀਏ, ਥੱਕ ਕੇ ਨਾ ਬਹਿ ਜਾਈਏ।
ਉੱਦਮ ਕੀਤਿਆਂ ਹੀ ਮਿਲਦਾ ਹੈ, ਔਕੜਾਂ ਤੋਂ ਛੁਟਕਾਰਾ,
ਇਸ ਦਾ ਪੱਲਾ ਕਦੀ ਨਾ ਛੱਡੀਏ, ਨਾ ਹੀ ਕਦੇ ਘਬਰਾਈਏ।
ਦੁੱਖ ਵਿੱਚ ਵੀ ਜੋ ਨਾਲ ਖੜ੍ਹੇ, ਸਾਡਾ ਸੱਚਾ ਦਰਦੀ ਬਣਕੇ,
ਔਖੇ ਵੇਲੇ ਸਾਥ ਨਿਭਾਏ, ਐਸਾ ਯਾਰ ਬਣਾਈਏ।
ਆਪਣੇ ਹੱਥੀਂ ਆਪ ਸਿਰਜੀਏ, ਸਾਂਝਾ, ਪ੍ਰੀਤਾਂ, ਖੁਸ਼ੀਆਂ,
ਜਿਸ ਦਾ ਹੱਥ ਫੜੀਏ ਉਹਦੇ ਨਾਲ, ਉਮਰਾਂ ਤੱਕ ਨਿਭਾਈਏ।
ਮਿੱਠੇ ਬੋਲ, ਬੋਲ ਕੇ ਸਭ ਨੂੰ, ਦੇਈਏ ਇਹੀ ਸੁਨੇਹਾ,
ਜੋ ਕੁਝ ਪਾਈਏ ਜਿੰਦਗੀ ਵਿੱਚ, ਮਿੱਠਤ ਨਾਲ ਹੀ ਪਾਈਏ.
ਦਸਾਂ ਨਹੁੰਆਂ ਦੀ ਕਿਰਤ ਕਮਾਈ, ਹੁੰਦੀ ਉੱਚੀ-ਸੁੱਚੀ,
ਰੁੱਖੀ-ਸੁੱਖੀ ਖਾ ਕੇ ਤੇ, ਫਿਰ ਰੱਬ ਦਾ ਸ਼ੁੱਕਰ ਮਨਾਈਏ।
ਆਪਣੀ ਬੋਲੀ, ਆਪਣਾ ਦੇਸ਼ ਤੇ ਆਪਣਾ ਸੱਭਿਆਚਾਰ,
ਇਹਨੂੰ ਮਾਣ ਦਿਵਾਉਣ ਲਈ, ਆਓ ਮਾਂ ਬੋਲੀ ਅਪਣਾਈਏ।



**ਗੁਰਵਿੰਦਰ ਸੈਣੀ**
**ਮੋਬਾ - 94172-25239, 299/3, ਫਰੈਂਡਜ਼ ਕਲੋਨੀ,**
**ਸਾਹਮਣੇ ਡੀ.ਏ.ਵੀ. ਕਾਲਜ, ਜਲੰਧਰ।**

## ਪ੍ਰਾਪਤ ਪੁਸਤਕਾਂ

1. ਸਵਾਂਤੀ (ਕਾਵਿ ਸੰਗ੍ਰਹਿ)- ਬਲਵੀਰ ਸਿੰਘ ਜੱਗੀ
2. ਸਫ਼ੈਦ ਫੁੱਲਾਂ ਦੀ ਵੇਲ (ਕਹਾਣੀ ਸੰਗ੍ਰਹਿ) - ਰਾਜੇਸ਼ ਗੁਪਤਾ
3. ਆਟੇ ਦਾ ਰੰਗ (ਮਿੰਨੀ ਕਹਾਣੀ ਸੰਗ੍ਰਹਿ) - ਭੀਮ ਸਿੰਘ ਗਰਚਾ
4. ਗਠੜੀ ਚੋਰ (ਨਾਵਲ)- ਲਕਸ਼ਮਣ ਗਾਇਕਵਾੜ
   ਪੰਜਾਬ ਅਨੁਵਾਦ-ਬਲਬੀਰ ਚੰਦ ਲੌਂਗੋਵਾਲ
5. ਲੁਕਣ ਮੀਟੀ (ਨਾਵਲ) - ਵਰਿੰਦਰ ਕੌਰ ਪੰਨੂੰ
6. ਸੋਚਾਂ ਦਾ ਸਿਲਸਿਲਾ (ਕਾਵਿ ਸੰਗ੍ਰਹਿ) - ਡਾ. ਦਵਿੰਦਰ ਸਿੰਘ ਜੀਤਲਾ
7. ਦੋ ਪੱਤਰੇ ਪੰਜਾਬ ਦੇ (ਗ਼ਜ਼ਲ ਸੰਗ੍ਰਹਿ) - ਸੁਰਜੀਤ ਸਿੰਘ ਕਾਲੇਕੇ
8. ਦੁਨੀਆਂ ਦੀਆਂ ਕੁਝ ਮਹਾਨ ਔਰਤਾਂ - ਦੀਪ ਦਿਲਬਰ

## ਗੀਤ



ਆਸਾਂ ਵਾਲਾ ਗੀਤ ਜਦੋਂ ਵੀ ਗਾਇਆ ਹੈ।
ਜੀਵਨ ਵਲ ਨੂੰ ਕਦਮ ਤਾਂ ਹੋਰ ਵਧਾਇਆ ਹੈ।

ਧਰਤ ਦੀ ਕੁਖੋਂ ਬੀਜ ਕੋਈ ਜਦ ਉੱਗ ਆਵੇ।
ਰੰਗ ਆਸ ਦਾ ਫੇਰ ਸੁਨਹਿਰੀ ਹੋ ਜਾਵੇ।
ਹਰ ਇੱਕ ਚਿਹਰਾ ਨੂਰੋ ਨੂਰ ਨਹਾਇਆ ਹੈ।
ਆਸਾਂ ਵਾਲਾ ਗੀਤ.....।

ਪਹੁ ਫੁੱਟੇ ਤੋਂ ਸੂਰਜ ਆਸ ਜਗਾ ਦੇਵੇ।
ਰੁੱਖਾਂ ਉਤੋਂ ਪੰਛੀ ਉਡਣੇ ਲਾ ਦੇਵੇ।
ਚੁਗ ਚੁਗ ਚੋਗਾ ਬੋਟ ਦੇ ਮੂੰਹੀ ਪਾਇਆ ਹੈ।
ਆਸਾਂ ਵਾਲਾ ਗੀਤ....।

ਆਸ ਦੀ ਕੰਨੀ ਫੜਕੇ ਰਾਤ ਮਹਿਕਦੀ ਹੈ।
ਤੱਕ ਤੱਕ ਚੰਦ ਨੂੰ ਵੇਖ ਚਕੋਰ ਚਹਿਕਦੀ ਹੈ।
ਭਿੰਨੀ ਭੰਨੀ ਲੋਅ ਨੇ ਰਾਹ ਰੁਸ਼ਨਾਇਆ ਹੈ।
ਆਸਾਂ ਵਾਲਾ ਗੀਤ.....।

ਹਰ ਕੋਈ ਆਸ ਦੇ ਕਰਕੇ ਤੁਰਿਆ ਫਿਰਦਾ ਹੈ।
ਭਾਵੇਂ ਪੱਥਰ ਭਾਵੇਂ ਮੋਮ ਦਾ ਹਿਰਦਾ ਹੈ।
ਆਸ ਨੇ ਹੀ ਤਾਂ 'ਗੁਰਮ' ਨੂੰ ਰਾਹੇ ਪਾਇਆ ਹੈ।

ਆਸਾਂ ਵਾਲਾ ਗੀਤ ਜਦੋਂ ਵੀ ਗਾਇਆ ਹੈ।
ਜੀਵਨ ਵਲ ਨੂੰ ਕਦਮ ਤਾਂ ਹੋਰ ਵਧਾਇਆ ਹੈ।

**ਜਗਜੀਤ ਸਿੰਘ ਗੁਰਮ,**
**ਮ. ਨੰ. 1008/29/2, ਗਲੀ ਨੰ. 8,**
**ਬਾਲ ਸਿੰਘ ਨਗਰ, ਜੋਧੇਵਾਲ ਬਸਤੀ,**
**ਲੁਧਿਆਣਾ।**

◆◆◆



## ਰਾਣੀ ਹਾਰ

ਨਰਮੇ ਵਾਲੇ ਤਾਂ ਚਿੱਟੇ ਮੱਛਰ ਨੇ ਮਾਰਤੇ,
ਝੋਨੇ ਵਾਲੇ ਡੂੰਘੇ ਪਾਣੀ ਦੇ ਸਤਾਏ ਹੋਏ ਨੇ।
ਦੁੱਖ ਜੱਟਾਂ ਦੇ ਕਦੇ ਵੀ ਨਹੀਂ ਮੁੱਕਣੇ,
ਜੱਟ ਆਪ ਹੀ ਮੁੱਕਣ ਤੇ ਆਏ ਹੋਏ ਨੇ।
ਰਾਣੀ ਦਿਲ ਦੀ 'ਰਾਣੀ ਹਾਰ ਮੰਗਦੀ'
ਜੱਟ ਨੇ ਹੱਡ ਵੀ ਗਹਿਣੇ ਟਿਕਾਏ ਹੋਏ ਨੇ।

ਕਦੇ ਸੋਕਾ ਪੈਂਦਾ, ਕਦੇ ਹੜ ਆਉਂਦੇ,
ਕੇ ਗੜਿਆਂ ਦੀ ਹੀ ਮਾਰ ਪੈ ਜੇ।
ਬੱਦਲ ਗਰਜਦਾ ਅਜੇ ਕਿਤੇ ਦੂਰ ਹੁੰਦਾ,
ਜੱਟ ਪਹਿਲਾਂ ਹੀ ਵਾਂਗ ਬਿਮਾਰ ਪੈ ਜੇ।
ਪਾਟੇ ਕੱਪੜੇ ਦੇਖ ਕਿਉਂ ਝੁਰਦੀ ਏ
ਇਹ ਜੱਟ ਨੇ ਲੇਖਾਂ ਵਿੱਚ ਲਿਖਾਏ ਹੋਏ ਨੇ।
ਰਾਣੀ ਦਿਲ ਦੀ ਰਾਣੀ ਹਾਰ ਮੰਗਦੀ,
ਜੱਟ ਨੇ ਹੱਡ ਵੀ ਗਹਿਣੇ ਟਿਕਾਏ ਹੋਏ ਨੇ

ਕੋਕਾ ਮੰਗਦੀ ਵੀ ਜੱਟੀ ਝਿਜਕਦੀ ਏ,
ਜੱਟ ਸੋਨੇ ਵਿੱਚ ਹੀ ਮੜ੍ਹਾ ਦਿੰਦਾ।
ਝੂਟਾ ਬੁਲਟ ਤੇ ਲੈਣ ਦਾ ਸ਼ੌਂਕ ਓਹਨੂੰ,
ਵਿੱਚ ਹਮਰ ਦੇ ਜੱਟ ਘੁੰਮਾ ਦਿੰਦਾ।
ਸਵੇਰੇ ਆ ਕੀ ਜੋ ਜਲੀਲ ਕਰਦੇ,
ਬੈਂਕਾਂ ਵਾਲਿਆਂ ਨੇ ਹੋਸ਼ ਭੁਲਾਏ ਹੋਏ ਨੇ।
ਰਾਣੀ ਦਿਲ ਦੀ ਰਾਣੀ ਹਾਰ ਮੰਗਦੀ,
ਜੱਟ ਨੇ ਹੱਡ ਵੀ ਗਹਿਣੇ ਟਿਕਾਏ ਹੋਏ ਨੇ।

**ਹਰਚਰਨ ਕੌਰ ਚੰਨੀ ਪਤਨੀ ਗੁਲਬਾਗ ਸਿੰਘ**
**ਪਿੰਡ ਕਣਕਵਾਲ ਚਹਿਲਾਂ, ਡਾ. ਆਲਮਪੁਰ ਬੋਦਲਾ, ਤਹਿ. ਬੁਢਲਾਡਾ,**
**ਜ਼ਿਲ੍ਹਾ ਮਾਨਸਾ (ਪੰਜਾਬ) 151502, ਫ਼ੋਨ ਨੰ.94173-61546,**

◆◆◆

*ਨਾਟਕ*

# ਦਿੱਲੀ ਤੋਂ ਬਾਬਾ ਬਕਾਲਾ

*ਸਤਵਿੰਦਰ ਬੇਗੋਵਾਲੀਆ*



ਸਮਾਂ: ਸੰਨ 1663-64

ਪਾਤਰ: ਖੇਤ ਰਾਮ: ਇੱਕ ਮਜ਼ਦੂਰ ਉਮਰ 30 ਸਾਲ

ਜੀਵੀ: ਖੇਤ ਰਾਮ ਦੀ ਪਤਨੀ, ਉਮਰ 28 ਸਾਲ

ਬਾਵਾ : ਖੇਤ ਰਾਮ ਦਾ ਗੁਆਂਢੀ

ਮੱਖਣ ਸ਼ਾਹ ਲੁਬਾਣਾ: ਇੱਕ ਧਨਾਢ ਵਪਾਰੀ, ਉਮਰ ਲਗਪਗ 45 ਸਾਲ

ਸ਼ੀਂਹਾ ਡਾਕੂ : ਉਮਰ ਲਗਭਗ 40 ਸਾਲ

ਹਕੀਮ

ਸਾਧ

ਕਿਸਾਨ

ਦ੍ਰਿਸ਼ ਇੱਕ

ਸਥਾਨ: ਪੁਰਾਣੀ ਦਿੱਲੀ ਦੇ ਬਾਹਰਵਾਰ ਵਿਰਲੀ ਆਬਾਦੀ ਵਿੱਚ ਸਥਿਤ ਇੱਕ ਘਰ ਜਿਸਦਾ ਖੁੱਲ੍ਹਾ ਜਿਹਾ ਵਿਹੜਾ ਹੈ।

ਪਿੱਛੋਂ ਆਵਾਜ਼ : ਇਹ ਦਿੱਲੀ ਦੇ ਪਰਦੇਸ ਨੇ,
ਜਿੱਥੇ ਵੱਖਰੇ ਵੱਖਰੇ ਭੇਸ ਨੇ।
ਕੁੱਝ ਰੰਗਰਲੀਆਂ ਮਨਾਉਂਦੇ ਨੇ,
ਕਈ ਭੁੱਖੇ ਡੰਗ ਟਪਾਉਂਦੇ ਨੇ।
ਸੰਨ 1663 ਦੀ ਬਾਤ ਸੀ,
ਸਹਿਮੀ ਕਾਲੀ ਬੋਲੀ ਰਾਤ ਸੀ।
ਚੇਚਕ ਦੀ ਆਫਤ ਆ ਗਈ,
ਖਲਕਤ ਘੋਰ ਉਦਾਸ ਸੀ।

(ਮੈਲੇ ਜਿਹੇ ਫਟੇ ਕਪੜਿਆਂ ਵਿੱਚ ਖੇਤ ਰਾਮ ਨਾਂ ਦਾ ਵਿਅਕਤੀ ਮੰਚ ਤੇ ਆਉਂਦਾ ਹੈ)

ਖੇਤ ਰਾਮ : (ਆਪਣੇ ਆਪ ਵਿੱਚ) ਹਾਏ ਓਏ ਮੇਰਿਆ ਰੱਬਾ! ਮੈਂ ਕਰਾਂ ਤਾਂ ਕੀ ਕਰਾਂ? ਮਰਾਂ ਤਾਂ ਕਿਹੜੇ ਢੱਠੇ ਖੂਹ 'ਚ ਮਰਾਂ... ਕੁੱਝ ਨਹੀਂ ਸੁੱਝਦਾ ਕਿਥੇ ਜਾਵਾਂ...ਚੇਚਕ ਦੀਏ ਬਿਮਾਰੀਏ! ਤੂੰ ਵੀ ਸਾਡੇ ਗਰੀਬਾਂ ਤੇ ਰਹਿਮ ਨਾ ਕੀਤਾ (ਫੁੱਟ ਫੁੱਟ ਕੇ ਰੋਂਦਾਹੈ, ਜੀਵੀ ਆਉਂਦੀ ਹੈ)

ਜੀਵੀ : ਸਾਡੇ ਗਰੀਬਾਂ ਦੇ ਘਰੋਂ ਕੀ ਮਿਲਣਾ ਸੀ ਚੇਚਕ ਨੂੰ... (ਰੋ ਪੈਂਦੀ ਹੈ)

ਖੇਤ ਰਾਮ: ਸਾਡੇ ਵੱਲ ਵੇਖ... ਸਾਡੇ ਮੂੰਹ ਤੇ ਹੈ ਕੋਈ ਮਾਸ? ਹੱਡੀਆਂ ਖੜਖੜ ਕਰਦੀਆਂ ਨੇ। ਚੇਚਕ ਦੀਏ ਬਿਮਾਰੀਏ, ਸਾਡੇ ਨੰਗਾਂ ਦੇ ਘਰ ਆਉਂਦੇ ਜ਼ਰਾ ਤਾਂ ਸ਼ਰਮ ਕਰਨੀ ਸੀ...

ਜੀਵੀ : ਅੱਜ ਸ਼ਰਮ ਧਰਮ ਕਿਥੇ ਅਲੋਪ ਹੋ ਗਏ?



ਖੇਤ ਰਾਮ: ਦਿੱਲੀ 'ਚ ਸ਼ਰਮ ਧਰਮ ਕਿਥੇ? ਹਿਲ ਗਈ ਦਿੱਲੀ, ਚੇਚਕ ਨੇ ਦਿੱਲੀ ਵਿੱਚ ਹਾਹਾਕਾਰ ਮਚਾ ਦਿੱਤੀ ਏ... ਮੌਤ ਦਾ ਨਾਚ ਹੋਵੇਗਾ, ਸਾਰਾ ਜਹਾਨ ਰੋਵੇਗਾ।

ਜੀਵੀ : ਤੇ ਮੇਰਾ ਘੁੱਦਾ... ਵਿਚਾਰੇ ਦੀ ਹਾਲਤ ਵੇਖੀ ਨਹੀਂ ਜਾਂਦੀ। ਸਾਰੀ ਰਾਤ ਤੜਫਦਾ ਰਿਹੈ... ਸ਼ਾਇਦ ਉਹਨੂੰ ਵੀ ਚੇਚਕ ਹੀ...

ਖੇਤ ਰਾਮ: (ਰੋਣਹਾਕੀ ਉੱਚੀ ਆਵਾਜ਼ ਵਿੱਚ) ਤੇ ਆਹ ਚੇਚਕ ਮੇਰੇ ਘੁੱਦੇ ਨੂੰ ਵੀ ਖਾ ਜਾਵੇਗੀ ਕਲੈਹਣੀ ਡੈਣ! ਮੇਰਾ ਘੁੱਦਾ ਮੇਰੇ ਘਰ ਦਾ ਚਿਰਾਗ ਏ, ਮੇਰੀ ਰੋਸ਼ਨੀ ਏ।

ਜੀਵੀ : ਅਜੇ ਕੱਲ੍ਹ ਤੱਕ ਤੋਤਲੀਆਂ ਗਲਾਂ ਕਰਦਾ ਸੀ। ਮੈਂ ਕਿੰਨੇ ਚਾਵਾਂ ਨਾਲ ਪਾਲਿਐ ਆਪਣੇ ਪੁੱਤਰ ਨੂੰ।

ਖੇਤ ਰਾਮ : ਜੀਵੀਏ, ਤੈਨੂੰ ਯਾਦ ਹੋਵੇਗਾ ਜਦ ਮੈਂ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋ ਕੇ ਤਰਕਾਲਾਂ ਨੂੰ ਘਰ ਪਰਤਦਾ ਰਿਹਾ ਤਾਂ ਮੇਰਾ ਘੁੱਦਾ ਮੈਨੂੰ ਮੈਨੂੰ ਬਾਪੂ ਬਾਪੂ ਕਹਿੰਦਾ ਮੇਰੀਆਂ ਬਾਹਵਾਂ ਵਿੱਚ ਆ ਜਾਂਦਾ ਸੀ ਤਾਂ... ਮੇਰੇ ਦਿਨ ਭਰ ਦੀ ਥਕਾਵਟ ਇੱਕ ਪਲ ਵਿੱਚ ਈ ਲਹਿ ਜਾਂਦੀ ਸੀ।

ਜੀਵੀ : ਤੇ ਹੁਣ ਕੀ ਹੋਵੇਗਾ?

ਖੇਤ ਰਾਮ : ਕੀ ਪਤੈ ਕੀ ਹੋਵੇਗਾ... ਮੇਰੀਆਂ ਆਸਾਂ ਦੇ ਦੀਵੇ ਇਸ ਹਨੇਰੀ ਅੱਗੇ ਬੇਬਸ ਹੋ ਗਏ। ਹਨੇਰੀ ਦੇ ਤੇਜ਼ ਬੁੱਲਿਆਂ ਅੱਗੇ ਇਹ ਦੀਵੇ ਹੁਣ ਬੁੱਝ ਜਾਣਗੇ...

ਜੀਵੀ : ਇਹ ਨਹੀਂ ਹੋਣਾ ਚਾਹੀਦਾ... (ਫੁੱਟ ਫੁੱਟ ਕੇ ਰੋ ਪੈਂਦੀ ਹੈ)

ਖੇਤ ਰਾਮ : ਕੌਣ ਪ੍ਰਵਾਹ ਕਰਦੈ ਕੀ ਹੋਣਾ ਚਾਹੀਦੈ। ਕੀ ਨਹੀਂ ਹੋਣਾ ਚਾਹੀਦੈ-ਇਹ ਤਾਂ ਤਾਰੇ ਤੋੜਨ ਵਾਲੀ ਗੱਲ ਏ।

ਜੀਵੀ : (ਕੁੱਝ ਸੋਚਦੀ ਹੋਈ) ਮੇਰੇ ਖਿਆਲ ਵਿੱਚ ਸੇਠ ਲੱਭੂ ਸ਼ਾਹ ਕੋਲ ਜਾ ਕੇ ਹੱਥ ਪੱਲਾ ਜੋੜਨਾ ਚਾਹੀਦੈ। ਅਸੀਂ ਵੀ ਤਾਂ ਉਹਦੀ ਅੱਧੀ ਨਹੀਂ ਮੋੜਦੇ। ਅੱਧੀ ਰਾਤ ਵਾਜ ਮਾਰੇ ਤਾਂ ਮੰਜਾ ਛੱਡ ਕੇ ਉਹਦੇ ਵੱਲ ਦੌੜ ਪੈਂਦੇ ਹੋ। ਤੂੰ ਉਹਦੇ ਕੋਲ ਜਾ ਤੇ ਕੁੱਝ ਦਮੜੇ ਉਧਾਰ ਲੈ ਆ।

ਖੇਤ ਰਾਮ : ਗਿਆ ਸੀ ਉਹਦੇ ਵੱਲ।

ਜੀਵੀ : ਫਿਰ?

ਖੇਤ ਰਾਮ : ਉਹਦੇ ਨੌਕਰ ਨੇ ਮੇਰੇ ਕੰਨ 'ਚ ਹੋਲੀ ਜਿਹੀ ਕਿਹੈ- ਸੇਠ ਹੋਰੀਂ ਗੌਣ ਪਾਣੀ ਵੇਖਣ ਗਏ ਨੇ। ਮੈਨੂੰ ਕਹਿੰਦੈ-ਐਥੋਂ ਮੁੜ ਜਾ ਸੇਠਾਣੀ ਸੁਣ ਨਾ ਲਏ ਕਿ...

ਜੀਵੀ : ਉਹਦਾ ਪਤੀ ਪਰਮੇਸ਼ਰ ਰੰਗ ਰਲੀਆਂ ਮਨੌਣ ਗਿਐ।

ਖੇਤ ਰਾਮ : ਐਧਰ ਦੁਨੀਆਂ ਚੇਚਕ ਨਾਲ ਮਰਦੀ ਪਈ ਏ... ਚਾਰੇ ਪਾਸੇ ਅਰਥੀਆਂ ਹੀ ਅਰਥੀਆਂ, ਵੈਣ ਹੀ ਵੈਣ। ਉਧਰ ਲੱਭੂ ਸ਼ਾਹ...

ਜੀਵੀ : ਕੁੱਤਾ ਜਵਾਨੀ ਦੇ ਘੋੜੇ ਤੇ ਚੜ੍ਹਿਆ ਫਿਰਦੈ।

ਖੇਤ ਰਾਮ : ਉਧਰ ਸੇਠਾਨੀ ਦੀ ਘਰ ਪਈ ਪਈ ਦੀ ਮੁਨਿਆਦ ਮੁੱਕ ਚੱਲੀ ਏ। ਲੱਭੂ

ਸ਼ਾਹ ਅੱਗੇ ਪਿੱਛੇ ਕਹਿੰਦਾ ਸੀ ਖੇਤ ਰਾਮ! ਮਾਇਆ ਦੀ ਲੋੜ ਪਵੇ ਤਾਂ ਝਕੀਂ ਨਾ। ਅੱਜ... ਸਾਲਾ ਲੱਭੂ ਸ਼ਾਹ ਲੱਭਦਾ ਨਹੀਂ ਪਿਆ, ਜਿਹਦੇ ਵਾਸਤੇ ਮੈਂ ਬੁੱਤੀਆਂ ਕੱਢਦਾ ਰਿਹਾਂ। ਲੱਭੂ ਸ਼ਾਹ! ਜੇ ਮੇਰੇ ਘੁੱਦੇ ਨੂੰ ਕੁੱਝ ਹੋ ਗਿਆ ਤਾਂ ਸਹੁੰ ਰਾਮ ਜੀ ਕੀ, ਤੇਰੇ ਵਾਲੀ ਰਮਾਇਣ ਵੀ ਨਾਲ ਹੀ ਪੜ੍ਹ ਦਿਆਂਗਾ।

ਜੀਵੀ : (ਗੱਲ ਬਦਲਦੀ ਹੋਈ) ਮੈਂ ਤਾਂ ਸੁਣਿਐ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਪਾਬੰਦੀ ਲਾਈ ਹੋਈ ਏ ਮੁਜ਼ਰਿਆਂ ਤੇ?

ਖੇਤ ਰਾਮ : ਭਲੀਏ ਲੋਕੇ, ਉਹ ਤਾਂ ਸਾਰਾ ਦਿਨ ਆਇਤਾਂ ਲਿਖਦਾ ਰਹਿੰਦੈ। ਮਗਰੋਂ ਸਰਦਾਰ, ਅਹਿਲਕਾਰ ਤੇ ਲੱਭੂ ਸ਼ਾਹ ਵਰਗੇ ਛੋਟੀਆਂ ਛੋਟੀਆਂ ਟੋਲੀਆਂ ਬਣਾ ਕੇ ਆਪਣਾ ਵੱਤਰ ਵਾਹ ਜਾਂਦੇ ਨੇ। ਇਹ ਨਾਚੀਆਂ ਨਚਾਉਂਦੇ ਨੇ, ਆਪਸ ਵਿੱਚ ਪਿਆਲੇ ਖੜਕਾਉਂਦੇ ਨੇ... ਪਰ ਮੈਨੂੰ ਇਹਨਾਂ ਗੱਲਾਂ ਨਾਲ ਕੀ? ਮੇਰਾ ਛੋਟਾ ਜਿਹਾ ਪਿਆਰਾ ਜਿਹਾ ਘੁੱਦਾ...

ਜੀਵੀ : ਹੇ ਈਸ਼ਵਰ ! ਇਸ ਔਖੇ ਵਕਤ ਤੂੰ ਹੀ ਸਾਰ ਲੈ ਸਾਡੀ ਗਰੀਬਾਂ ਦੀ। ਕਹਿੰਦੇ ਨੇ ਜਿਹਨੇ ਪੈਦਾ ਕੀਤੈ, ਔਖੀ ਘੜੀ ਘੜੀ ਕੰਮ ਵੀ ਉਹਨੇ ਆਉਣੈ। ਨੀਲੀ ਛੱਤ ਵਾਲਿਆ! ਤੂੰ ਈ ਕਰ ਕੋਈ ਹੀਲਾ ਵਸੀਲਾ

ਖੇਤ ਰਾਮ : ਨਾ ਕਰ ਤਰਲੇ, ਰੱਬ ਤੇ ਵੀ ਕਬਜਾ ਹੋ ਗਿਐ ਤਕੜੇ ਲੋਕਾਂ ਦਾ।

ਜੀਵੀ : ਅਸੀਂ ਰੱਬ ਅੱਗੇ ਹੱਥ ਈ ਜੋੜ ਸਕਦੇ ਹਾਂ...

ਖੇਤ ਰਾਮ : ਹੋਰ ਕਿਹੜਾ ਉਹਦੀ ਲੱਤ ਤੋੜ ਸਕਦੇ ਹਾਂ!

(ਬਾਵਾ ਆਉਂਦਾ ਹੈ)

ਬਾਵਾ : ਰੱਬ ਦਿਆ ਪਿਆਰਿਆ! ਰੱਬ ਨੂੰ ਈ ਮੰਦਾ ਬੋਲੀ ਜਾਂਦੈ?

ਖੇਤ ਰਾਮ : ਹੋਰ ਕਿਹਨੂੰ ਬੋਲਾਂ? ਤੈਨੂੰ?

ਬਾਵਾ : (ਹਮਦਰਦੀ ਪ੍ਰਗਟ ਕਰਦਾ ਹੋਇਆ) ਚੱਲ ਮੈਨੂੰ ਜੋ ਮਰਜੀ ਬੋਲ ਲੈ, ਤੇਰਾ ਮਨ ਖੁਸ਼ ਹੋ ਜਾਏ।

ਖੇਤ ਰਾਮ : ਪਰ ਮੈਂ ਤੈਨੂੰ ਮੰਦਾ ਕਿਓਂ ਬੋਲਾਂ। ਤੈਨੂੰ ਮਾੜਾ ਬੋਲਣ ਨਾਲ ਚੇਚਕ ਸਾਡਾ ਖਹਿੜਾ ਛੱਡ ਜਾਵੇਗੀ?

ਬਾਵਾ : (ਤ੍ਰਭਕਦਾ ਹੋਇਆ) ਚੇਚਕ?

ਖੇਤ ਰਾਮ : ਹਾਂ ਮੇਰੇ ਘੁੱਦੇ ਨੂੰ... (ਰੋ ਪੈਂਦਾ ਹੈ)

ਬਾਵਾ : ਨਾ ਰੋ, ਰੱਬ ਨੂੰ ਯਾਦ ਕਰ ਜਿਹਨੇ ਕਸ਼ਟ ਕਟਣੈ ਤੇਰਾ।

ਖੇਤ ਰਾਮ : ਤੂੰ ਪੜ੍ਹਿਆ ਲਿਖਿਆ ਬੰਦਾ ਏਂ, ਤੇਰੇ ਕੋਲ ਹੈ ਕੋਈ ਹੀਲਾ ਵਸੀਲਾ?

ਬਾਵਾ : ਮੇਰਾ ਈਸ਼ਵਰ ਹੀ ਮੇਰਾ ਹੀਲਾ ਵਸੀਲਾ ਏ (ਹਕੀਮ ਆਉਂਦਾ ਹੈ) ਖੇਤ ਰਾਮਾ, ਸੁਣ ਲਈ ਤੇਰੀ ਰੱਬ ਨੇ, ਹਕੀਮ ਜੀ ਅਚਾਨਕ ਆ ਗਏ ਨੇ। ਹਕੀਮ ਜੀ, ਜੈ ਰਾਮ ਜੀ ਕੀ।

ਹਕੀਮ : ਜੈ ਰਾਮ ਕੀ।

ਬਾਵਾ : ਹਕੀਮ ਜੀ, ਇਸ ਗਰੀਬ ਖੇਤ ਰਾਮ ਦਾ ਕਸ਼ਟ ਕੱਟੋ, ਇਹਦੇ ਪੁੱਤਰ ਨੂੰ ਚੇਚਕ ਦੀ ਬਿਮਾਰੀ ਨੇ ਕੋਹ ਸੁੱਟਿਐ।

ਖੇਤ ਰਾਮ : (ਹਕੀਮ ਅੱਗੇ ਹੱਥ ਜੋੜਦਾ ਹੋਇਆ) ਹਕੀਮ ਜੀ, ਆਇਓ ਜਰਾ ਇਧਰ,



ਮੇਰਾ ਘੁੱਦਾ... ਵੇਖਿਓ ਕੀ ਹਾਲ ਹੋ ਗਿਐ ਵਿਚਾਰੇ ਦਾ।

ਹਕੀਮ : ਐਸ ਵਕਤ ਮੇਰੇ ਪਾਸ ਵਿਹਲ ਨਹੀਂ।

ਖੇਤ ਰਾਮ : ਵਿਹਲ ਨਹੀਂ? ਨਾ ਨਾ... ਮੇਰਾ ਘੁੱਦਾ...

ਹਕੀਮ : ਸਾਰੇ ਲੋਕ ਤੇਰੇ ਵਾਂਗ ਰੋਂਦੇ ਪਏ ਨੇ। ਕਿਹਨੂੰ ਕਿਹਨੂੰ ਦਵਾਈ ਦੇਵਾਂ। ਚਾਰ ਚੁਫੇਰੇ ਹਾਹਾਕਾਰ ਮੱਚੀ ਪਈ ਏ।

ਖੇਤ ਰਾਮ : ਰੱਬ ਤੁਹਾਡਾ ਭਲਾ ਕਰੇ, ਇੱਕ ਵਾਰ ਮੇਰੇ ਘੁੱਦੇ ਨੂੰ ਵੇਖੋ ਹਕੀਮ ਜੀ।

ਹਕੀਮ : ਮੈਂ ਸ਼ਾਮ ਨੂੰ ਆਵਾਂਗਾ।

ਖੇਤ ਰਾਮ.. ਸ਼ਾਮ ਨੂੰ? ਸ਼ਾਮਾਂ ਤੱਕ ਪਤਾ ਨਹੀਂ ਕੋਈ ਭਾਣਾ ਨਾ ਵਰਤ ਜਾਏ। ਸ਼ਾਮ ਬੜੀ ਦੂਰ ਏ...

ਬਾਵਾ : ਹਕੀਮ ਜੀ, ਗਰੀਬ ਤੇ ਰਹਿਮ ਕਰੋ। ਗਰੀਬ ਦੀ ਅਸੀਸ ਜ਼ਰੂਰ ਲੱਗੇਗੀ ਤੁਹਾਨੂੰ।

ਹਕੀਮ : ਕਹਿ ਜੁ ਦਿੱਤੈ ਸ਼ਾਮਾਂ ਨੂੰ ਪੱਕਾ ਆਵਾਂਗਾ।

ਖੇਤ ਰਾਮ : ਕਿਤੇ ਸ਼ਾਮ ਤੱਕ ਖੇਤ ਚੁੱਗ ਨਾ ਜਾਏ ਚਿੱੜੀ...

ਬਾਵਾ : ਫਿਰ ਕੀ ਫਾਇਦਾ ਹੋਏਗਾ ਆਉਣ ਦਾ?

ਹਕੀਮ : ਕੁੱਝ ਨਹੀਂ ਹੁੰਦਾ।

ਖੇਤ ਰਾਮ : (ਹਕੀਮ ਦੇ ਪੈਰੀਂ ਪੈਂਦਾ ਹੋਇਆ) ਤੁਸੀਂ ਸਾਡੇ ਲਈ ਰੱਬ ਹੋ ਰੱਬ। ਸਾਡੇ ਤੇ ਕਿਰਪਾ ਕਰੋ, ਸਾਰੀ ਉਮਰ ਤੁਹਾਡਾ ਪਾਣੀ ਭਰਾਂਗਾ।

ਹਕੀਮ : ਪਰ ਮੈਂ ਇਸ ਵਕਤ ਕਿਰਪਾ ਸ਼ਾਹ ਦੇ ਘਰ ਵੱਲ ਜਾ ਰਿਹਾਂ।

ਬਾਵਾ : ਕਿਰਪਾ ਸ਼ਾਹ ਦੇ ਘਰ ਸੁੱਖ ਨਾਲ ਚੱਲੇ ਹੋ?

ਹਕੀਮ : ਕਿਸੇ ਘਰ ਸੁੱਖ ਹੋਵੇ, ਸਾਨੂੰ ਕੌਣ ਯਾਦ ਕਰਦੈ? ਉਹਦੇ ਘਰ ਵੀ ਇਹੋ ਕਲੇਸ਼ ਪਿਐ?

ਖੇਤ ਰਾਮ : (ਹਕੀਮ ਦਾ ਰਾਹ ਰੋਕਦਾ ਹੋਇਆ) ਮੈਂ ਤੈਨੂੰ ਉਹਦੇ ਘਰ ਨਹੀਂ ਜਾਣ ਦੇਵਾਂਗਾ।

ਹਕੀਮ : (ਰੋਅਬ ਨਾਲ) ਮੇਰਾ ਰਾਹ ਨਾ ਰੋਕ।

ਖੇਤ ਰਾਮ : ਰੋਕਾਂਗਾ।

ਹਕੀਮ : ਮੇਰਾ ਵਕਤ ਬਰਬਾਦ ਕਰ ਰਿਹੈਂ।

ਖੇਤ ਰਾਮ : ਨਹੀਂ ਕਰਦਾ, ਬਸ ਤੁਸੀਂ ਮੇਰੇ ਘੁੱਦੇ ਨੂੰ ਦਵਾਈ ਦੇ ਦਿਓ।

ਹਕੀਮ : ਆਹ ਦਵਾਈ ਤਾਂ ਕਿਰਪਾ ਸ਼ਾਹ ਹੋਰਾਂ ਲਈ ਏ। ਤੈਨੂੰ ਤਾਂ ਪਤੈ ਵੱਡੇ ਬੰਦਿਆਂ ਤੋਂ ਮੁੱਖ ਮੋੜੀਏ ਤਾਂ ਅਗਲੇ ਭੁਗਤ ਸੰਵਾਰ ਦਿੰਦੇ ਨੇ।

ਖੇਤ ਰਾਮ : ਆਹੋ ਡਾਢੇ ਦਾ ਸੱਤੀਂ ਵੀਹੀਂ ਸੌ। ਧਨਾਢ ਬੰਦੇ ਮਾੜਾ ਜਿਹਾ ਸੁਨੇਹਾ ਘੱਲਣ, ਤੁਸੀਂ ਮੂੰਹ ਚੁੱਕ ਕੇ ਦੌੜ ਪੈਂਦੇ ਹੋ ਉਧਰ।

ਹਕੀਮ : ਦਵਾਈਆਂ ਕੋਈ ਸਸਤੀਆਂ ਨਹੀਂ। ਵੱਡੇ ਲੋਕ ਈ ਦਵਾਈ ਦੀ ਰਕਮ ਦੇ ਸਕਦੇ ਨੇ। ਤੇਰੇ ਜਿਹਿਆਂ ਤੋਂ ਮਿਲਣਾ ਕੀ ਏ? ਜੂੰਆਂ?

ਖੇਤ ਰਾਮ : ਵਿਖਾ ਦਿੱਤੀ ਨਾ ਆਪਣੀ ਔਕਾਤ! (ਬਾਂਹ ਤੋਂ ਫੜਦਾ ਹੋਇਆ) ਮੈਂ ਤੈਨੂੰ ਨਹੀਂ ਛਡਾਂਗਾ।

ਹਕੀਮ : (ਘੂਰਦੇ ਹੋਏ) ਕਿਰਪਾ ਸ਼ਾਹ ਦੇ ਬੰਦੇ ਮੇਰੇ ਵੱਲ ਆਉਂਦੇ ਈ ਹੋਣੇ ਨੇ। ਇੱਕ ਪਲ ਨਹੀਂ ਤੂੰ ਕੱਢਣਾ ਉਨ੍ਹਾਂ ਸਾਹਮਣੇ। ਮੇਰਾ ਰਾਹ ਛੱਡ ਦੇ ਨਹੀਂ ਤਾਂ...

ਖੇਤ ਰਾਮ : ਨਹੀਂ ਤਾਂ ਕੀ ਹੋ ਜਾਏਗਾ?

ਹਕੀਮ : ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ। ਛੱਡ ਦੇ ਰਾਹ...

ਜੀਵੀ : ਛੱਡ ਦੇ ਰਾਹ... ਇਨਸਾਨੀਅਤ ਮਰ ਗਈ ਏ।

(ਹਕੀਮ ਚਲਾ ਜਾਂਦਾ ਹੈ)

ਪਿੱਛੋਂ ਗੀਤ ਦੀ ਆਵਾਜ਼ : ਜੂਨ ਪੂਰੀ ਕਰਨ ਆਏ ਮਾਇਆ ਦੀ ਹੈ ਤੋਟ ਕੱਖਾਂ ਵਾਂਗ ਰੁਲ ਗਏ ਨੇ, ਸਿੱਕਿਆਂ ਲੱਈ ਚੋਟ ਵੇ ਲੋਕੋ!

ਖੇਤ ਰਾਮ : ਹਕੀਮਾਂ, ਤੇਰਾ ਬਹਿ ਜਾਏ ਭੱਠਾ। ਮੈਂ ਤਾਂ ਕਹਿਣਾਂ ਜਿੰਨੇ ਲੋਕ ਬਿਮਾਰੀ ਕਰਕੇ ਮੰਜਿਆਂ ਤੇ ਪਏ ਨੇ, ਰਾਜੀ ਹੋ ਕੇ ਉੱਠ ਪੈਣ ਤੇ... ਤੇਰੇ ਜਿਹੇ ਹਕੀਮਾਂ ਨੂੰ ਰੱਬ ਮੰਜੇ ਤੇ ਪਾ ਦੇਵੇ।

ਬਾਵਾ : ਸਭ ਮਾਇਆਧਾਰੀ ਹੋ ਗਏ ਨੇ। ਹਕੀਮ ਕਲੰਕ ਹੋ ਗਏ ਕਲੰਕ।

ਖੇਤ ਰਾਮ : ਕੱਲ੍ਹ ਇੱਕ ਹਕੀਮ ਕੋਲ ਗਿਆ। ਬਥੇਰੇ ਤਰਲੇ ਕੀਤੇ, ਹੱਥ ਪੈਰ ਜੋੜੇ ਕਿ ਸਾਡੀ ਮਦਦ ਕਰੋ। ਅੱਗੋਂ ਕਹਿੰਦੈ–ਹਿਮਾਲੀਆ ਪਰਬਤ ਤੇ ਜਾ ਤੇ ਫਲਾਣੀ ਫਲਾਣੀ ਬੂਟੀ ਲੈ ਕੇ ਆ। ਉਸ ਬਾਂਦਰ ਨੂੰ ਬੰਦਾ ਪੁੱਛੇ ਮੈਂ ਕੋਈ ਹਨੂੰਮਾਨ ਹਾਂ ਜਿਹੜਾ ਉੱਡ ਕੇ ਹਿਮਾਲੀਆ ਪਰਬਤ ਪਹੁੰਚ ਜਾਵਾਂਗਾ। ਨਾਲੇ ਮੈਨੂੰ ਕਿਹੜਾ ਪਛਾਣ ਏ ਇਨ੍ਹਾਂ ਬੂਟੀਆਂ ਦੀ।

ਬਾਵਾ – ਹਿਕਮਤ ਗਿਰ ਗਈ ਏ। ਹਕੀਮਾਂ ਨੇ ਘਰਾਂ ਅੱਗੇ ਫੱਟੇ ਲਾਏ ਹੋਏ ਨੇ। ਕਿਸੇ ਨੇ ਲਿਖਿਐ ਸੌ ਸਾਲਾ ਖਾਨਦਾਨੀ ਦਵਾ ਖਾਨਾ, ਕਿਸੇ ਦੋ ਸੌ ਸਾਲ ਦਾ ਤਜਰਬਾ ਲਿਖਿਐ। ਇਨ੍ਹਾਂ ਆਮ ਲੋਕਾਂ ਨੂੰ ਨਾ ਪੜ੍ਹਾਇਆ ਕਿ ਫਲਾਣੀ ਦਵਾਈ ਕਿਵੇਂ ਬਣਦੀ ਏ। ਸਾਰੇ ਨੁਸਖੇ ਆਪਣੇ ਕੋਲ ਈ ਸਾਂਭੀ ਰੱਖੇ ਇਨ੍ਹਾਂ ਲੋਕਾਂ ਨੇ।

ਖੇਤ ਰਾਮ : ਜੇ ਆਹ ਲੋਕ ਨੁਸਖੇ ਵੰਡ ਦੇਣ ਤਾਂ ਆਪ ਭੁੱਖੇ ਨਾ ਮਰ ਜਾਣ। ਇਨ੍ਹਾਂ ਦਾ ਨਾ ਕੋਈ ਦੀਨ ਰਿਹੈ, ਨਾ ਕੋਈ ਧਰਮ, ਮਰ ਜਾਓ ਖਾ ਕੇ ਸ਼ਰਮ।

ਬਾਵਾ : ਦਿੱਲੀ ਵਿੱਚ ਕੋਈ ਬਿਮਾਰੀ ਪਏ ਸਹੀ, ਇਨ੍ਹਾਂ ਹਕੀਮਾਂ ਦੇ ਮੂੰਹ ਤੇ ਲਾਲੀਆਂ ਆ ਜਾਂਦੀਆਂ ਨੇ। ਬਿਮਾਰੀ ਲੋਕਾਂ ਦੇ ਘਰ ਖਾਲੀ ਕਰ ਦਿੰਦੀ ਏ ਤੇ ਹਕੀਮਾਂ ਦਾ ਘਰ ਮਾਲੋ ਮਾਲ ਹੋ ਜਾਂਦੈ।

ਖੇਤ ਰਾਮ : ਹੁਣ ਤੂੰ ਈ ਦੱਸ ਮੈਂ ਰੋਵਾਂ ਨਾ ਤਾਂ ਹੋਰ ਕੀ ਕਰਾਂ? ਇਹ ਹਕੀਮ ਕਹਿ ਤਾਂ ਗਿਐ ਮੈਂ ਸ਼ਾਮਾਂ ਨੂੰ ਆਵਾਂਗਾ ਪਰ...

ਜੀਵੀ : ਉਹ ਸ਼ਾਮਾਂ ਕਦੇ ਨਹੀਂ ਆਉਣਗੀਆਂ। ਬਿਮਾਰੀ ਅੱਗੇ ਸਾਡਾ ਕੋਈ ਜੋਰ ਨਹੀਂ ਚਲਦਾ। ਅਸੀਂ ਹਾਰ ਗਏ ਆਂ... ਅਸੀਂ ਹਾਰ ਗਏ...

ਖੇਤ ਰਾਮ : ਪਰ ਮੈਂ ਆਪਣੇ ਘੁੱਦੇ ਤੋਂ ਬਿਨਾਂ ਨਹੀਂ ਰਹਿ ਸਕਦਾ। ਮੇਰੇ ਘੁੱਦੇ ਨੂੰ ਕੁੱਝ ਹੋਵੇ ਸਹੀ, ਮੈਂ ਇਸ ਹਕੀਮ ਦੀ ਗਰਦਨ ਮਰੋੜ ਦਿਆਂਗਾ।

ਬਾਵਾ : ਹੌਂਸਲਾ ਰੱਖ ਖੇਤ ਰਾਮਾ।

ਜੀਵੀ : ਹੌਂਸਲਾ? ਨਹੀਂ ਰੱਖਣ ਹੁੰਦਾ ਹੌਂਸਲਾ ਭਲਿਆ ਲੋਕਾ... ਸਾਡਾ ਇੱਕੋ ਇੱਕ



ਪੁੱਤਰ ਹੱਥੋਂ ਨਿਕਲ ਜਾਵੇ... ਤੇ ਅਸੀਂ ਕੁੱਝ ਵੀ ਨਾ ਕਰ ਸਕੀਏ (ਰੋ ਪੈਂਦੀ ਹੈ)

ਬਾਵਾ : ਅਸੀਂ ਦਿਨ ਰਾਤ ਕਿਰਤ ਕਰਦੇ ਰਹੇ, ਭੁੱਖੇ ਸੌਂਦੇ ਰਹੇ... ਹੌਂਸਲਾ ਰੱਖ ਵਕਤ ਟਪਾਈ ਜਾਂਦੇ ਰਹੇ ਪਰ... ਹੁਣ ਆਹ ਵਕਤ... (ਫੁੱਟ ਫੁੱਟ ਕੇ ਰੋਂਦਾ ਹੈ)

ਪਿੱਛੋਂ ਆਵਾਜ਼ : ਦਿੱਲੀ ਵਾਸੀਓ! ਸੁਣੋ, ਸੁਣੋ, ਸੁਣੋ। ਆਹ ਮੁਸ਼ਕਲ ਘੜੀ ਵਿੱਚ ਗਰੀਬਾਂ, ਬੇਸਹਾਰਿਆਂ ਲਈ ਗੁਰੂ ਨਾਨਕ ਦੇਵ ਜੀ ਦੀ ਅਠਵੀਂ ਜੋਤ, ਬਾਲ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਰੱਬ ਬਣ ਕੇ ਪਹੁੰਚੇ ਨੇ। ਗਰੀਬਾਂ, ਨਿਆਸਰਿਆਂ ਦੀ ਉਹ ਤਨ, ਮਨ ਨਾਲ ਅਣਥੱਕ ਸੇਵਾ ਕਰ ਰਹੇ ਨੇ। ਮੁਫਤ ਦਵਾਈਆਂ ਵੀ ਦੇ ਰਹੇ ਨੇ।

ਜੀਵੀ : (ਖੁਸ਼ੀ ਵਿੱਚ) ਆਹ ਸੁਣਿਐ?

ਖੇਤ ਰਾਮ : (ਹੈਰਾਨੀ ਵਿੱਚ) ਸੁਣਿਆ ਤਾਂ ਹੈ... ਪਰ... ਪਰ ਯਕੀਨ ਨਹੀਂ ਆ ਰਿਹਾ ਇਨ੍ਹਾਂ ਕੰਨਾਂ ਤੇ।

ਜੀਵੀ : ਯਕੀਨ ਕਰ ਆਪਣੇ ਕੰਨਾਂ ਤੇ। ਕੋਈ ਰੱਬ ਦਾ ਪਿਆਰਾ ਬਹੁੜਿਆ ਲਗਦੈ।

ਬਾਵਾ : ਗੁਰੂ ਨਾਨਕ ਸਾਹਿਬ ਦੀ ਅਠਵੀਂ ਜੋਤ ਤਾਂ ਖੁਦ ਰੱਬ ਏ। ਇਸ ਗੰਦੇ ਸ਼ਹਿਰ ਵਿੱਚ ਰੱਬ ਆ ਗਿਐ, ਜਿਥੇ ਬੰਦੇ ਨੂੰ ਬੰਦਾ ਸਮਝਦਾ ਕੀ ਏ। ਉਸ ਰੱਬੀ ਨੂਰ ਗੁਰੂ ਹਰਕ੍ਰਿਸ਼ਨ ਜੀ ਦੇ ਨੂਰ ਦੀਆਂ ਕਿਰਨਾਂ ਇਸ ਧਰਤੀ ਤੇ ਪਈਆਂ ਨੇ ਜਿਥੇ ਜਾਬਰਾਂ ਨੇ ਸਦਾ ਗਰੀਬਾਂ ਨੂੰ ਕੋਹ ਕੋਹ ਕੇ ਮਾਰਿਆ ਏ। ਬਹੁਤ ਖੂਨ ਡੁਲਿਐ ਇਸ ਧਰਤੀ ਤੇ... ਇੱਥੋਂ ਦੀਆਂ ਔਰਤਾਂ ਨੂੰ ਹਮਲਾਵਰ ਚੁੱਕ ਕੇ ਗਜਨੀ ਦੀ ਮੰਡੀ ਵਿੱਚ ਟਕੇ ਟਕੇ ਵਿੱਚ ਵੇਚਦੇ ਰਹੇ ਨੇ। ਬਾਲ ਗੁਰੂ ਜੀ ਦੇ ਆਉਣ ਤੇ ਦਿੱਲੀ ਵਿੱਚ ਗਰੀਬਾਂ ਦੀ ਜ਼ਰੂਰ ਸਾਰ ਲਈ ਜਾਏਗੀ।

ਖੇਤ ਰਾਮ : ਧੰਨ ਧੰਨ ਗੁਰੂ ਨਾਨਕ ਪਾਤਸ਼ਾਹ... ਧੰਨ ਧੰਨ ਗੁਰੂ ਹਰ ਕ੍ਰਿਸ਼ਨ ਜੀ...

ਬਾਵਾ : ਖੇਤ ਰਾਮ, ਤੂੰ ਲੈ ਜਾ ਫਟਾ ਫਟ ਆਪਣੇ ਪੁੱਤਰ ਨੂੰ ... ਤੇਰੀ ਜ਼ਿੰਦਗੀ ਕਾਲੀ ਬੋਲੀ ਰਾਤ ਸੀ, ਇਹਦੇ ਵਿੱਚ ਚਾਨਣ ਦਾ ਛੱਟਾ ਵੱਜਣ ਈ ਵਾਲਾ ਏ।

ਖੇਤ ਰਾਮ : ਚੱਲ ਜੀ, ਆਸ ਬੱਝੀ ਏ। ਡੁੱਬਦੇ ਨੂੰ ਸਹਾਰਾ ਮਿਲ ਗਿਐ ਜਾਪਦਾ।

ਜੀਵੀ : ਹਾਂ ਹਾਂ, ਮੇਰਾ ਹਿਰਦਾ ਠਰ ਗਿਐ ਗੁਰੂ ਜੀ ਦਾ ਨਾਂ ਸੁਣ ਕੇ।

(ਖੇਤ ਰਾਮ ਅਤੇ ਜੀਵੀ ਜਾਂਦੇ ਹਨ)

ਆਵਾਜ਼ : ਚੇਚਕ ਤੇ ਹੈਜੇ ਨੇ ਆਮ ਲੋਕਾਂ ਦਾ ਜੀਣਾ ਔਖਾ ਕਰ ਛੱਡਿਆ ਸੀ। ਲੋਕ ਮੌਤ ਦੇ ਮੂੰਹ ਵਿੱਚ ਜਾ ਰਹੇ ਸਨ ਤਾਂ ਬਾਲ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਿਨ ਰਾਤ ਇੱਕ ਕਰਕੇ ਰੋਗੀਆਂ ਦੀ ਸੇਵਾ ਕਰਦੇ ਨੇ। ਕੋਈ ਦੁਖੀਆ ਉਨ੍ਹਾਂ ਦੇ ਦਵਾਰੇ ਚਲਾ ਜਾਵੇ, ਕਦੇ ਨਿਰਾਸ਼ ਹੋ ਕੇ ਵਾਪਸ ਨਹੀਂ ਮੁੜਦਾ।

ਬਾਵਾ : ਧੰਨ ਏ ਗੁਰੂ ਤੇ ਧੰਨ ਏ ਉਹਦੀ ਕਰਨੀ। ਮਾਨਵਤਾ ਦੀ ਸੇਵਾ ਵਿੱਚੋਂ ਹੀ

ਸਿੱਖ ਧਰਮ ਦਾ ਜਨਮ ਹੋਇਆ ਹੈ। ਮਾਨਵਤਾ ਦੇ ਸੇਵਾ ਵਿੱਚ ਹੀ ਰੱਬ ਦੀ ਹੋਂਦ ਮਹਿਸੂਸ ਹੁੰਦੀ ਏ। ਮੇਰਾ ਦਿਲ ਕਰਦੈ ਕਿ ਮੈਂ ਵੀ ਸੱਚੇ ਪਾਤਸ਼ਾਹ ਦੇ ਦਰਸ਼ਨ ਦੀਦਾਰੇ ਕਰਾਂ ਤੇ ਆਪਣੇ ਜੀਵਨ ਨੂੰ ਸਫਲ ਕਰਾਂ।

(ਖੇਤ ਰਾਮ ਆਉਂਦਾ ਹੈ)

ਕਿਵੇਂ ਖੇਤ ਰਾਮਾ?

ਖੇਤ ਰਾਮ : ਜੀਵੀ ਬੈਠੀ ਏ ਘੁੱਦੇ ਕੋਲ, ਰਸਤੇ ਵਿੱਚ ਬੜੇ ਲੋਕ ਟੱਕਰੇ ਜੋ ਗੁਰੂ ਮਹਾਰਾਜ ਦੀ ਮਹਿਮਾ ਗਾ ਰਹੇ ਸਨ। ਗੁਰੂ ਜੀ ਦੇ ਸਿੱਖ ਰੋਗੀਆਂ ਨੂੰ ਖਿੜੇ ਮੱਥੇ ਮਿਲ ਕੇ ਦਵਾ ਦਾਰੂ ਕਰ ਰਹੇ ਨੇ। ਉਹ ਤਾਂ ਕਿਸੇ ਕੋਲੋਂ ਦਵਾਈ ਦੀ ਰਕਮ ਮੰਗਦੇ ਹੀ ਨਹੀਂ। ਕੋਈ ਆਪਣੇ ਆਪ ਤਿਲ ਫੁੱਲ ਭੇਟਾ ਕਰ ਦੇਵੇ ਤਾਂ ਵੱਖਰੀ ਗੱਲ ਏ।

ਬਾਵਾ : ਹਾਂ ਉਨ੍ਹਾਂ ਦਾ ਮਾਇਆ ਨਾਲ ਮੋਹ ਨਹੀਂ। ਉਨ੍ਹਾਂ ਦਾ ਜ਼ਿੰਦਗੀ ਜੀਣ ਦਾ ਢੰਗ ਹੀ ਬੜਾ ਨਿਰਾਲਾ ਏ। ਇਹੋ ਜਿਹੇ ਫਰਿਸ਼ਤੇ ਧਰਤੀ ਨੂੰ ਸਵਰਗ ਬਣਾ ਦਿੰਦੇ ਨੇ।

ਆਵਾਜ਼ : ਸਤਿਨਾਮ ਵਾਹਿਗੁਰੂ। ਵਿੱਚ ਕਰਤਾ ਪੁਰਖ ਖਲੋਆ ਵਾਲ ਨਾ ਵਿੰਗਾ ਹੋਆ।

ਖੇਤ ਰਾਮ : ਇਹ ਤਾਂ ਜੀਵੀ ਦੀ ਵਾਜ ਏ।

ਬਾਵਾ : ਸਮਝ ਲੈ ਤੇਰੀ ਚਰਾਸੀ ਕੱਟੀ ਗਈ।

ਖੇਤ ਰਾਮ : ਹਾਂ ਹਾਂ, ਮੇਰੇ ਘੁੱਦੇ ਨੂੰ ਨਵਾਂ ਜੀਵਨ ਮਿਲ ਗਿਆ ਜਾਪਦੈ। ਮੇਰਾ ਮਨ ਖੁਸ਼ੀ ਨਾਲ ਨੱਚਦਾ ਪਿਐ।

(ਜੀਵੀ ਆਉਂਦੀ ਹੈ)

ਬਾਵਾ : ਕੀ ਹਾਲ ਏ ਘੁੱਦੇ ਦਾ?

ਜੀਵੀ : ਘੁੱਦਾ ਰਾਜੀ ਹੋ ਰਿਹੈ ਗੁਰੂ ਜੀ ਦੀ ਕਿਰਪਾ ਨਾਲ ਪਰ ਖੁਦ ਗੁਰੂ ਜੀ... (ਰੋ ਪੈਂਦੀ ਹੈ)

ਬਾਵਾ : ਕੀ ਹੋਇਐ ਸੱਚ ਦੇ ਸੂਰਜ ਨੂੰ ?

ਜੀਵੀ : ਬਾਲ ਗੁਰੂ ਜੀ ਤੇ ਚੇਚਕ ਦਾ ਹਮਲਾ...

ਖੇਤ ਰਾਮ : ਫਿਰ?

ਜੀਵੀ : ਗੁਰੂ ਮਹਾਰਾਜ ਸਵਰਗ ਸਿਧਾਰ ਗਏ। ਆਖਰੀ ਵਕਤ ਦੋ ਸ਼ਬਦ ਬੋਲੇ– ਬਾਬਾ ਬਕਾਲਾ।

ਬਾਵਾ : ਬਾਬਾ ਬਕਾਲਾ ਦਾ ਮਤਲਬ?

ਜੀਵੀ : ਸਿੱਖਾਂ ਨੇ ਗੁਰੂ ਜੀ ਤੋਂ ਪੁੱਛਿਆ ਤੁਹਾਡਾ ਵਾਰਸ ਕੌਣ ਹੋਵੇਗਾ ਤਾਂ ਗੁਰੂ ਜੀ ਨੇ ਇੰਨਾ ਹੀ ਕਿਹਾ –ਬਾਬਾ ਬਕਾਲਾ

ਬਾਵਾ : ਬਾਬਾ ਬਕਾਲਾ? ਬੁਝਾਰਤ ਜਿਹੀ ਜਾਪਦੇ ਨੇ ਇਹ ਬੋਲ।

ਖੇਤ ਰਾਮ : ਬਾਵਾ ਜੀ, ਤੂੰ ਬੁੱਝ ਸਕਦੈ ਬੁਝਾਰਤ। ਨਾਲੇ ਤੂੰ ਕਿੰਨੇ ਗਰੰਥ ਪੜ੍ਹ ਛੱਡੇ ਨੇ।

ਬਾਵਾ : ਸੋਚ ਰਿਹਾਂ...

ਜੀਵੀ : ਸਿੱਖ ਵੀ ਸੋਚਦੇ ਪਏ ਨੇ ਕੌਣ ਹੋਵੇਗਾ ਨੌਂਵਾਂ ਨਾਨਕ। ਹਰ ਕੋਈ ਆਪਣੀ



ਅਕਲ ਦੇ ਘੋੜੇ ਦੁੜਾਈ ਜਾਂਦੈ।

ਬਾਵਾ : ਗੁਰੂ ਸਾਹਿਬ ਦੀਆਂ ਰਮਜਾਂ ਨੂੰ ਸਮਝਣਾ ਤਾਂ ਤਾਰੇ ਤੋੜਣ ਵਾਲੀ ਗੱਲ ਹੁੰਦੀ ਏ। (ਸੋਚਦਾ ਹੋਇਆ) ਹਾਂ ਖਿਆਲ ਆਇਐ ਪੰਜਾਬ ਵਿੱਚ ਅੰਬਰਸਰ ਦੇ ਨੇੜੇ ਪਿੰਡ ਬਕਾਲਾ ਏ। ਹੋ ਸਕਦੈ ਨੌਂਵਾਂ ਨਾਨਕ ਉਥੋਂ ਹੀ ਪ੍ਰਗਟ ਹੋਵੇ। (ਮੱਖਣ ਸ਼ਾਹ ਲੁਬਾਣਾ ਆਉਂਦਾ ਹੈ, ਜਿਸ ਨੇ ਬਾਵਾ ਦੇ ਕੁੱਝ ਬੋਲ ਸੁਣ ਲਏ ਹਨ)

ਮੱਖਣ ਸ਼ਾਣ : ਤੂੰ ਨੌਂਵੇਂ ਨਾਨਕ ਦੀ ਗੱਲ ਕਰ ਰਿਹਾ ਸੀ?

ਬਾਵਾ : ਹਾਂ, ਪਰ ਤੂੰ ਕੌਣ ਏਂ?

ਮੱਖਣ ਸ਼ਾਹ : ਮੈਂ ਇੱਕ ਵਪਾਰੀ ਹਾਂ। ਮੇਰਾ ਨਾਂ ਮੱਖਣ ਸ਼ਾਹ ਲੁਬਾਣਾ ਏ। ਤੇਰਾ ਇਹ ਖਿਆਲ ਮੈਨੂੰ ਦਰੁੱਸਤ ਜਾਪਦੈ ਕਿ ਗੁਰੂ ਹਰ ਕ੍ਰਿਸ਼ਨ ਜੀ ਦਾ ਵਾਰਸ ਬਕਾਲੇ ਪਿੰਡ ਵਿੱਚ ਨਿਵਾਸ ਕਰਦਾ ਹੋਵੇਗਾ। ਮੇਰਾ ਗੁਰੂ ਮੈਨੂੰ ਜ਼ਰੂਰ ਦਰਸ਼ਨ ਦੇ ਕੇ ਨਿਹਾਲ ਕਰੇਗਾ।

ਜੀਵੀ : ਪਰ ਹਾਲੇ ਹਰ ਕੋਈ ਸ਼ਸ਼ੋਪੰਜ ਵਿੱਚ ਈ ਪਿਐ।

ਮੱਖਣ ਸ਼ਾਹ : ਪਰ ਇਹ ਧੁੰਦ ਜ਼ਿਆਦਾ ਵਕਤ ਨਹੀਂ ਰਹੇਗੀ। ਚਾਨਣ ਦੀ ਪਹਿਲੀ ਕਿਰਨ ਨਾਲ ਸਾਰਾ ਬ੍ਰਹਿਮੰਡ ਜਗਮਗ ਜਗਮਗ ਕਰੇਗਾ, ਇਹ ਮੇਰਾ ਪੱਕਾ ਵਿਸ਼ਵਾਸ ਏ।

ਬਾਵਾ : ਵਿਸ਼ਵਾਸ਼?

ਮੱਖਣ ਸ਼ਾਹ : ਹਾਂ, ਜੇ ਮੇਰਾ ਗੁਰੂ ਮੇਰਾ ਜਹਾਜ਼ ਬੰਨੇ ਲਾ ਸਕਦੈ ਤਾਂ ਉਹ ਦਰਸ਼ਨ ਦੇ ਕੇ ਸੰਗਤਾਂ ਨੂੰ ਜ਼ਰੂਰ ਬੰਨੇ ਲਾ ਸਕਦੈ ਤਾਂ ਉਹ ਦਰਸ਼ਨ ਦੇ ਕੇ ਸੰਗਤਾਂ ਨੂੰ ਜ਼ਰੂਰ ਹਨੇਰੇ ਚੋਂ ਬਾਹਰ ਕੱਢੇਗਾ। ਮੈਂ ਆਪਣੇ ਕਾਫਲੇ ਨਾਲ ਬਕਾਲੇ ਦੀ ਧਰਤੀ ਵੱਲ ਜਾ ਰਿਹਾਂ। ਜੁ ਤੁਧ ਭਾਵੇ ਨਾਨਕਾ ਸਾਈ ਗੱਲ ਚੰਗੀ। (ਤੇਜ਼ ਤੇਜ਼ ਕਦਮ ਪੁੱਟਦਾ ਚਲਾ ਜਾਂਦਾ ਹੈ)

ਜੀਵੀ : ਕਿੰਨਾ ਵਿਸ਼ਵਾਸ ਗੁਰੂ ਜੀ ਤੇ ਉਸ ਰੱਬ ਦੇ ਪਿਆਰੇ ਨੂੰ!

ਬਾਵਾ : ਇਸੇ ਤਰ੍ਹਾਂ ਦਾ ਵਿਸ਼ਵਾਸ ਹੀ ਬੇੜੇ ਬੰਨੇ ਲਾ ਸਕਦੈ। ਇਹ ਲੋਕ ਬੜੇ ਸਿਰੜੀ ਨੇ, ਮਿਹਨਤੀ ਨੇ, ਧੁਨ ਦੇ ਪੱਕੇ ਨੇ ਪਰ ਦਿਲ ਦੇ ਸੱਚੇ ਨੇ।

ਜੀਵੀ : ਕੌਣ ਨੇ ਇਕ ਲੋਕ?

ਬਾਵਾ : ਲੁਬਾਣੇ। ਇਹ ਵਪਾਰੀ ਲੋਕ ਕਾਫਲਿਆਂ ਵਿੱਚ ਚਲਦੇ ਚਲਦੇ ਢੋਆ-ਢੁਆਈ ਦਾ ਕੰਮ ਕਰਦੇ ਨੇ। ਦੂਰ ਦੁਰੇਡੇ ਦਾ ਸਫਰ ਤੈਅ ਕਰਦੇ ਕਰਦੇ ਜਦ ਰਾਤ ਪੈਂਦੀ ਏ ਤਾਂ ਇਹ ਤੰਬੂ ਗੱਡ ਕੇ ਰਾਤ ਗੁਜਰਦੇ ਨੇ। ਤੰਬੂ ਦੇ ਚਾਰੇ ਪਾਸੇ ਇਨ੍ਹਾਂ ਦੇ ਪਾਲਤੂ ਕੁੱਤੇ ਇਨ੍ਹਾਂ ਦੀ ਰੱਖਿਆ ਕਰਦੇ ਨੇ। ਮੁਸ਼ਕਲ ਦੀ ਘੜੀ 'ਚ ਦਿਲ ਨਹੀਂ ਛੱਡਦੇ, ਹਥਿਆਰ ਚਲਾਉਣ ਵਿੱਚ ਵੀ ਕਿਸੇ ਤੋਂ ਘੱਟ ਨਹੀਂ।

ਖੇਤ ਰਾਮ : ਇਹੋ ਜਿਹੇ ਬੰਦੇ ਜਿਸ ਗੁਰੂ ਦੇ ਸ਼ਰਧਾਲੂ ਹੋਣ, ਉਹ ਗੁਰੂ ਕਿੰਨਾ ਮਹਾਨ ਹੋਵੇਗਾ!

ਬਾਵਾ : ਮੈਂ ਵੀ ਕੱਲ੍ਹ ਸਵੇਰੇ ਬਕਾਲੇ ਵੱਲ ਚੱਲ ਪਵਾਂਗਾ। ਤੁਸੀਂ ਦੋਵੇਂ ਘੁੱਦੇ ਦਾ

ਖਿਆਲ ਰੱਖੋ ਦਵਾ ਦਾਰੂ ਦੇਣ ਵੱਲੋਂ।

ਖੇਤ ਰਾਮ : ਗੁਰੂ ਮਹਾਰਾਜ ਦੇ ਪ੍ਰਗਟ ਹੋਣ ਤੇ ਵਾਪਸ ਆ ਕੇ ਦੱਸੀਂ ਸਾਰਾ ਹਾਲ।

ਬਾਵਾ : ਚੰਗਾ, ਸਤਿਨਾਮ।

ਖੇਤ ਰਾਮ : ਵਾਹਿਗੁਰੂ। (ਹਨੇਰਾ ਹੋ ਜਾਂਦਾ ਹੈ)

ਦ੍ਰਿਸ਼ ਦੋ

ਸਥਾਨ : ਬਕਾਲੇ ਦੀ ਧਰਤੀ

ਪਿੱਛੋਂ ਆਵਾਜ਼ : ਲੋਕ ਵਹੀਰਾਂ ਘੱਤੀ ਪੰਜਾਬ ਦੇ ਪਿੰਡ ਬਕਾਲੇ ਵੱਲ ਚੱਲ ਪਏ। ਅਮੀਰ ਵਪਾਰੀ ਮੱਖਣ ਸ਼ਾਹ ਲੁਬਾਣਾ ਵੀ ਆਪਣੇ ਸਾਥੀਆਂ ਸਮੇਤ ਬਕਾਲੇ ਦੀ ਧਰਤੀ ਤੇ ਪਹੁੰਚ ਗਿਆ। ਪਰ ਲੋਕ ਉਥੇ ਆਪੇ ਬਣੇ ਗੁਰੂਆਂ ਦੀਆਂ 22 ਮੰਜੀਆਂ ਵੇਖ ਹੈਰਾਨ ਹੋ ਗਏ। ਸ਼ਸ਼ੋਪੰਜ ਵਿੱਚ ਪੈ ਗਏ ਕਿ ਇਨ੍ਹਾਂ ਵਿੱਚੋਂ ਅਸਲੀ ਗੁਰੂ ਕੌਣ ਹੋ ਸਕਦਾ ਹੈ।

(ਮੰਚ ਤੇ ਮੱਖਣ ਸ਼ਾਹ ਆਉਂਦਾ ਹੈ)

ਮੱਖਣ ਸ਼ਾਹ : ਇੰਨੇ ਗੁਰੂ? ਗੁਰੂਆਂ ਪਿੱਛੇ ਇੰਨੇ ਚੇਲੇ? ਇੰਜ ਮੰਡੀਆਂ ਵਿੱਚ ਸ਼ੋਰ ਸ਼ਰਾਬਾ ਹੁੰਦੈ। ਇਹ ਲੋਕ ਧਰਮੀ ਘੱਟ ਜਾਪਦੇ ਨੇ ਤੇ ਵਪਾਰੀ ਵੱਧ। ਭਾਵੇਂ ਮੈਂ ਵੀ ਇੱਕ ਵਪਾਰੀ ਹਾਂ ਪਰ ਇਹ ਤਾਂ...

(ਸਾਧ ਆਉਂਦਾ ਹੈ, ਜਿਸ ਨੇ ਮੱਖਣ ਸ਼ਾਹ ਦੀ ਗੱਲ ਸੁਣ ਲਈ ਹੈ)

ਸਾਧ : ਇੱਥੇ ਨਾਮ ਦਾ ਵਪਾਰੀ ਆਇਆ
ਧੋਖਾ ਨਾ ਖਾਈਂ ਬੰਦਿਆ।
ਇਸ ਧਰਤ ਨੂੰ ਸਵਰਗ ਬਣਾਇਆ
ਧੋਖਾ ਨਾ ਖਾਈਂ ਬੰਦਿਆ।
ਮੱਖਣ ਸ਼ਾਹ: ਹਰ ਕੋਈ ਇੰਜ ਈ ਬੋਲਦੈ।

ਸਾਧ : ਮੇਰਾ ਸੱਚਾ ਸਤਿਗੁਰ ਆਇਆ
ਭੇਖੀਆਂ ਨੂੰ ਪਈਆਂ ਭਾਜੜਾਂ।
ਜਿਸ ਬਦਲੀ ਬਕਾਲੇ ਦੀ ਕਾਇਆ
ਭੇਖੀਆਂ ਨੂੰ ਪਈਆਂ ਭਾਜੜਾਂ।

ਮੱਖਣ ਸ਼ਾਹ : ਇਨ੍ਹਾਂ ਭੇਖਾਂ ਦੀ ਘੁੰਮਣਘੇਰੀ ਨੇ ਮੇਰੀ ਚਿੰਤਾ ਵਧਾ ਦਿੱਤੀ ਏ। ਹੇ ਵਾਹਿਗੁਰੂ! ਤੂੰ ਇਸ ਹਨੇਰੇ ਨੂੰ ਹਟਾ ਤੇ ਚਾਨਣ ਦੀ ਛਹਿਬਰ ਲਾ।

ਸਾਧ : ਕਈ ਤਰ ਗਏ ਕਈਆਂ ਨੇ ਤਰ ਜਾਣਾ ਜਿਨ੍ਹਾਂ ਨੇ ਰੱਬੀ ਨੂਰ ਤੱਕਿਆ।

ਮੱਖਣ ਸ਼ਾਹ : ਤੂੰ ਕੀ ਕਹਿਣਾ ਚਾਹੁੰਦਾ ਏਂ? ਸਿੱਧੀ ਗੱਲ ਕਰ ਐਵੇਂ ਵਲ ਵਿੰਗ ਪਾ ਕੇ ਮੇਰੀ ਦੁਬਿਧਾ ਵਧਾ ਰਿਹੈਂ।

ਸਾਧ : ਤੇਰੀ ਦੁਬਿਧਾ ਦੂਰ ਕਰਨ ਵਾਸਤੇ ਪਰਮੇਸ਼ਰ ਨੇ ਬਕਾਲੇ ਦੀ ਧਰਤੀ ਤੇ ਮੇਰੇ ਸਤਿਗੁਰੂ ਨੂੰ ਭੇਜਿਆ ਏ। ਦੋ ਜਹਾਨ ਦਾ ਵਾਲੀ, ਲੱਖਾਂ ਦਾ ਦਾਤਾ ਧੰਨ ਧੰਨ ਗੁਰੂ ਧੀਰ ਮੱਲ ਜੀ। ਸੋਢੀ ਖਾਨਦਾਨ ਵਿੱਚੋਂ ਏ ਮੇਰਾ ਸੱਚਾ ਗੁਰੂ।

ਆਵਾਜ਼ : ਸਾਡੇ ਗੁਰਾਂ ਨੇ ਜਹਾਜ਼ ਬਣਾਇਆ, ਆ ਜਾਓ ਜਿਹਨਾਂ ਪਾਰ ਲੰਘਣਾ, ਬਈ ਆ ਜਾਓ...



ਮੱਖਣ ਸ਼ਾਹ : ਮੈਂ ਉਸ ਗੁਰੂ ਦੀ ਭਾਲ ਕਰ ਰਿਹਾਂ ਜਿਹਦੀ ਕਿਰਪਾ ਸਦਕਾ ਮੇਰਾ ਜਹਾਜ਼ ਪਾਰ ਲੰਘਿਆ ਸੀ।

ਸਾਧ : (ਉਤਸੁਕਤਾ ਨਾਲ) ਤੇਰਾ ਜਹਾਜ਼? ਗੁਰੂ ਦੇ ਸਿੱਖਾ, ਤੂੰ ਕਿਸ ਜਹਾਜ਼ ਦੀ ਗੱਲ ਕੀਤੀ ਏ?

ਮੱਖਣ ਸ਼ਾਹ : ਤੂੰ ਕੀ ਜਾਣੇਂ ਮੈਂ ਕਿਸ ਜਹਾਜ਼ ਦੀ ਗੱਲ ਕਰ ਰਿਹਾ।

ਸਾਧ : ਤੂੰ ਪਹਿਰਾਵੇ ਵੱਲੋਂ ਬੜਾ ਅਮੀਰ ਜਾਪਦੈਂ। ਹੋਰ ਵੀ ਅਮੀਰ ਹੋ ਜਾਵੇਂਗਾ ਜੇ ਤੇਰੇ ਤੇ ਮੇਰੇ ਸਤਿਗੁਰ ਸ੍ਰੀ ਧੀਰ ਮੱਲ ਦੀ ਕਿਰਪਾ ਹੋ ਗਈ। ਆ, ਮੇਰੇ ਨਾਲ ਚੱਲ। ਆਪਣੇ ਗੁਰੂ ਦੇ ਦਰਸ਼ਨ ਦੀਦਾਰ ਕਰਾਵਾਂ।

(ਮੱਖਣ ਸ਼ਾਹ ਦਾ ਹੱਥ ਫੜ੍ਹ ਲੈਂਦਾ ਹੈ)

ਮੱਖਣ ਸ਼ਾਹ : (ਹੱਥ ਛੁਡਾ ਕੇ) ਕਿਉਂ ਮੇਰੇ ਪਿੱਛੇ ਪਿਐਂ। ਤੂੰ ਬੰਦਾ ਏਂ ਕਿ ਛਲੇਡਾ? ਮੇਰਾ ਖਹਿੜਾ ਛੱਡ ਤੇ ਤਿੱਤਰ ਹੋ ਜਾ, ਨਹੀਂ ਤਾਂ ਤੈਨੂੰ ਖੜਕਾਵਾਂਗਾ। (ਸਾਧ ਡਰ ਜਾਂਦਾ ਹੈ)

ਸਾਧ : (ਜਾਂਦਾ ਹੋਇਆ) ਤੇਰਾ ਘਰ ਬਾਹਰ, ਤੇਰਾ ਕੰਮ ਕਾਰ ਤਬਾਹ ਹੋ ਜਾਵੇਗਾ। ਤੂੰ ਰੱਬ ਦੇ ਬੰਦਿਆਂ ਦੀ ਬੇਜਤੀ ਕੀਤੀ ਏ, ਤੂੰ ਆਪਣਾ ਕੀਤਾ ਪਾਵੇਂਗਾ।

ਮੱਖਣ ਸ਼ਾਹ : ਤੂੰ ਆਪਣਾ ਕੀਤਾ ਪਾ ਈ ਰਿਹੈਂ... ਪਖੰਡੀ ਸਾਧ।

(ਬਾਵਾ ਆਉਂਦਾ ਹੈ)

ਭਲਿਆ ਲੋਕਾ! ਆ ਗਿਐਂ ਦਿੱਲੀ ਤੋਂ।

ਬਾਵਾ : ਹਾਂ... ਪਰ ਇਥੇ ਤਾਂ 22 ਹੱਟੀਆਂ ਖੁੱਲੀਆਂ ਹੋਈਆਂ ਨੇ। ਇਨ੍ਹਾਂ ਬਾਈ ਮਹਾਂਪੁਰਸ਼ਾਂ ਨੇ ਚੇਲੇ ਚਾਟੜੇ ਛੱਡੇ ਨੇ ਹੱਟੀ ਦੀ ਗਾਹਕੀ ਵਧਾਉਣ ਵਾਸਤੇ। ਧੀਰ ਮੱਲ ਸੋਢੀ ਨੇ ਤਾਂ ਗੁੰਡੇ ਬਦਮਾਸ਼ ਵੀ ਨਾਲ ਈ ਰੱਖੇ ਨੇ। ਸ਼ੀਂਹ ਡਾਕੂ ਉਹਦਾ ਖਾਸ ਬੰਦਾ ਏ।

ਮੱਖਣ ਸ਼ਾਹ : ਸ਼ੀਂਹ ਡਾਕੂ?

ਬਾਵਾ : ਹਾਂ, ਇਥੇ ਤਾਂ ਖੂਨ ਖਰਾਬਾ ਵੀ ਹੋ ਸਕਦੈ... ਮਨ ਵਿੱਚ ਕੀ ਸੋਚਿਆ ਸੀ ਦਿੱਲੀ ਤੋਂ ਤੁਰਨ ਵਕਤ... ਤੇ ਕੀ ਵੇਖ ਰਿਹਾਂ। ਲੋਕ ਭੇਡ ਚਾਲ ਚਲਦੇ 22 ਗੁਰੂਆਂ ਨੂੰ ਮੱਥਾ ਟੇਕੀ ਜਾਂਦੇ ਨੇ। ਕੋਈ ਚਿਮਟਾ ਖੜਕਾ ਕੇ ਗਾ ਰਿਹੈ, ਕੋਈ ਛੈਣੇ ਵਜਾ ਕੇ ਪੁੱਠੀਆਂ ਸਿੱਧੀਆਂ ਧਾਰਨਾਂ।
ਗੁਰਬਾਣੀ ਤਾਂ ਕੋਈ ਨਹੀਂ ਗਾ ਰਿਹਾ।... ਸਿੱਖ ਧਰਮ ਵਾਸਤੇ ਇਹ ਘੜੀ ਬੜੇ ਸੰਕਟ ਦੀ ਘੜੀ ਏ।

ਮੱਖਣ ਸ਼ਾਹ : ਭਲਿਆ ਲੋਕ, ਤੂੰ ਅਰਦਾਸ ਕਰ ਕਿ ਇਹ ਸੰਕਟ ਸਮਾਪਤ ਹੋ ਜਾਵੇ ਤੇ ਮੈਂ ਅਸਲੀ ਗੁਰੂ ਨੂੰ ਲੱਭ ਸਕਾਂ।

ਬਾਵਾ : ਤੇਰੀਆਂ ਨਜ਼ਰਾਂ ਵਿਚਲੀ ਸਿਆਣਪ ਇੱਕ ਆਸ ਪੈਦਾ ਕਰਦੀ ਏ ਕਿ ਸੱਚਾ ਗੁਰੂ ਜ਼ਰੂਰ ਪ੍ਰਗਟ ਹੋਵੇਗਾ। ਆਹ ਆਪੇ ਬਣੇ ਗੁਰੂਆਂ ਨੇ ਤਾਂ ਧੂਫਾਂ ਲਾਈਆਂ ਨੇ। ਬਾਬੇ ਨਾਨਕ ਨੇ ਕਿਹਾ ਸੀ ਕੁਦਰਤ ਵਿੱਚ ਆਰਤੀ ਸਦਾ ਹੋ ਰਹੀ ਹੁੰਦੀ ਏ ਤੇ ਆਹ ਸਾਧ ਥਾਲ ਫੜ ਕੇ ਆਰਤੀ ਉਤਾਰਦੇ ਪਏ ਨੇ।

ਮੱਖਣ ਸ਼ਾਹ : ਇਨ੍ਹਾਂ ਲੋਕਾਂ ਤੋਂ ਕੋਈ ਆਸ ਨਾ ਰੱਖੋ। ਮੈਨੂੰ ਕੋਈ ਜੁਗਤ ਲੱਭਣੀ ਹੀ

ਪਵੇਗੀ। ਮੈਂ ਇਨ੍ਹਾਂ 22 ਧਰਮੀ ਲੋਕਾਂ ਦੇ ਦਰਸ਼ਨ ਕਰ ਹੀ ਲਵਾਂ। (ਜਾਂਦਾ ਹੈ)

ਬਾਵਾ : ਸਫਲਤਾ ਮਿਲੇ ਤੈਨੂੰ ਰੱਬ ਦਿਆ ਪਿਆਰਿਆ। ਰਹੀ ਗੱਲ ਸ਼ਰਧਾਲੂਆਂ ਦੀ, ਅੱਖਾਂ ਤੇ ਪੱਟੀ ਬੰਨੀ ਹੋਈ ਏ ਇਹਨਾਂ ਨੇ। ਇਨ੍ਹਾਂ ਲੋਕਾਂ ਨੇ ਬਨਾਰਸ ਵਿੱਚ ਭਗਤ ਕਬੀਰ ਨੂੰ ਪਾਗਲ ਕਹਿ ਦਿੱਤਾ ਸੀ। ਬਾਬੇ ਨਾਨਕ ਨੇ ਇਹਨਾਂ ਲੋਕਾਂ ਨੂੰ ਕਰਮ ਕਾਂਡਾਂ ਚੋਂ ਬਾਹਰ ਕੱਢਣਾ ਚਾਹਿਆ ਤਾਂ ਇਹਨਾਂ ਲੋਕਾਂ ਨੇ ਗੁਰੂ ਸਾਹਿਬ ਨੂੰ ਕੁਰਾਹੀਆ ਕਹਿ ਦਿੱਤਾ।

(ਇੱਕ ਕਿਸਾਨ ਆਉਂਦਾ ਹੈ)

ਵਾਹ ਲੋਕੋ ! ਤੁਸੀਂ ਸਭ ਅੰਨੇ ਕਾਣੇ ਹੋ।

ਕਿਸਾਨ : ਲੋਕਾਂ ਨੂੰ ਅੰਨੇ ਕਾਣੇ ਕਹਿੰਦਾ ਏਂ। ਇਹਨਾਂ ਬਾਬਿਆਂ ਨੇ ਸਾਡੀਆਂ ਅੱਖਾਂ ਖੋਹਲ ਦਿੱਤੀਆਂ।

ਬਾਵਾ : ਉਹ ਕਿਵੇਂ?

ਕਿਸਾਨ : ਕੱਲੇ ਕੱਲੇ ਬਾਬੇ ਨੂੰ ਮੱਥਾ ਟੇਕਿਐ ਤੇ ਅਸੀਸਾਂ ਲਈਆਂ। ਬਕਾਲੇ 'ਚ ਰੌਣਕਾਂ ਲੱਗੀਆਂ ਨੇ ਰੋਣਕਾਂ। ਤੂੰ ਵੀ ਵੇਖ ਰੌਣਕ, ਮੇਲਾ ਲੱਗੈ ਮੇਲਾ।

ਬਾਵਾ : ਹਾਂ ਇਨ੍ਹਾਂ ਲੋਕਾਂ ਮੇਲਾ ਈ ਲਾਉਣਾ ਸੀ। ਮੈਂ ਵੀ ਵੇਖ ਲਵਾਂ।

(ਬਾਵਾ ਜਾਂਦਾ ਹੈ)

ਕਿਸਾਨ : (ਗਾਉਂਦਾ ਹੋਇਆ) ਸ਼ਾਹੂਕਾਰ ਦਾ ਨਾ ਲੱਥਾ ਕਰਜਾ, ਜੱਟਾ ਤੇਰੀ ਜੂਨ ਬੁਰੀ। ਸ਼ਾਹੂਕਾਰ ਦਾ ਨਾ...

(ਮੱਖਣ ਸ਼ਾਹ ਆਉਂਦਾ ਹੈ)

ਮੱਖਣ ਸ਼ਾਹ : ਭਲਿਆ ਲੋਕਾ ! ਤੂੰ ਕਿੱਥੇ ਦਾ ਰਹਿਣ ਵਾਲਾ ਏਂ?

ਕਿਸਾਨ : ਇਸੇ ਪਿੰਡ ਬਕਾਲੇ ਦਾ। ਪਰ ਗੱਲ ਕੀ ਏ?

ਮੱਖਣ ਸ਼ਾਹ : ਆਹ 22 ਸੰਤਾਂ ਤੋਂ ਬਿਨਾਂ ਇਸ ਪਿੰਡ ਵਿੱਚ ਕੋਈ ਹੋਰ ਵੀ ਸਾਧੂ ਸੰਧ ਰਹਿੰਦੇ ਨੇ?

ਕਿਸਾਨ : (ਸੋਚਦਾ ਹੋਇਆ) ਸਾਧੂ ਸੰਤ? ਆਹੋ ਆਹੋ, ਹੈ ਇੱਕ...

ਮੱਖਣ ਸ਼ਾਹ : ਕੌਣ ਨੇ ਉਹ?

ਕਿਸਾਨ : ਤੇਗ ਬਹਾਦਰ, ਛੇਵੀਂ ਪਾਤਸ਼ਾਹੀ ਗੁਰੂ ਹਰ ਗੋਬਿੰਦ ਦਾ ਪੁੱਤਰ। ਪਰ...

ਮੱਖਣ ਸ਼ਾਹ : ਪਰ ਕੀ?

ਕਿਸਾਨ : ਉਹ ਕਿਸੇ ਨੂੰ ਮਿਲਦੇ ਈ ਨਹੀਂ। ਕੱਲੇ ਬਹਿ ਕੇ ਅੰਦਰ ਰੱਬ ਦੀ ਭਗਤੀ ਕਰਦੇ ਰਹਿੰਦੇ ਨੇ

ਮੱਖਣ ਸ਼ਾਹ : ਮੈਨੂੰ ਉਹਨਾਂ ਦਾ ਟਿਕਾਣਾ ਦੱਸ...

ਕਿਸਾਨ : ਆ ਜਾ ਮੇਰੇ ਪਿੱਛੇ-ਪਿੱਛੇ, ਟਿਕਾਣੇ ਤੇ ਛੱਡ ਕੇ ਆਵਾਂਗਾ (ਗਾਉਂਦਾ ਹੋਇਆ) ਸ਼ਾਹੂਕਾਰ ਦਾ ਨਾ ਲੱਥਾ ਕਰਜ਼ਾ, ਜੱਟਾ ਤੇਰੀ ਜੂਨ ਬੁਰੀ। (ਸਾਧ ਆਉਂਦਾ ਹੈ)

ਸਾਧ : (ਕਿਸਾਨ ਨੂੰ) ਓਏ ਭਗਤਾ, ਇਸ ਧਨਾਢ ਨੂੰ ਕਿੱਥੇ ਲੈ ਕੇ ਚੱਲਿਐਂ?

ਕਿਸਾਨ : ਬੱਸ ਇਥੇ ਹੀ। ਹੋਰ ਬਾਬਿਓ ਕੀ ਚਾਹੁੰਦੇ ਹੋ ਤੁਸੀਂ?



ਸਾਧ : ਇਹਨੂੰ ਸਤਿਗੁਰ ਧੀਰ ਮੱਲ ਕੋਲ ਲੈ ਜਾ। ਇਹਦੀ ਚੁਰਾਸੀ ਕੱਟੀ ਜਾਵੇਗੀ।

ਮੱਖਣ ਸ਼ਾਹ : ਵੇਖ ਆਇਆਂ ਤੇਰੇ ਧੀਰ ਮੱਲ ਨੂੰ। (ਕਿਸਾਨ ਨੂੰ) ਚੱਲ ਭਲਿਆ ਲੋਕਾ, ਆਪਾਂ ਤੇਗ ਬਹਾਦਰ ਵੱਲ ਚਲੀਏ।

ਸਾਧ : (ਭੜਕ ਕੇ) ਤੇਗ ਬਹਾਦਰ?

(ਮੱਖਣ ਸ਼ਾਹ ਅਤੇ ਕਿਸਾਨ ਉਸ ਦੀ ਗੱਲ ਅਣਸੁਣੀ ਕਰਕੇ ਚਲੇ ਜਾਂਦੇ ਹਨ)

ਬੜਾ ਮੀਣਾ ਬੰਦਾ ਜਾਪਦੈ ਇਹ ਧਨਾਢ ਬੰਦਾ। ਕਾਬੂ ਨਹੀਂ ਆਇਆ

(ਸ਼ੀਂਹਾ ਡਾਕੂ ਆਉਂਦਾ ਹੈ)

ਸ਼ੀਂਹ : ਕੌਣ ਕਾਬੂ ਨਹੀਂ ਆਇਆ?

ਸਾਧ : ਸ਼ੀਂਹੇ ਜੀ, ਬੜਾ ਅਮੀਰ ਆਦਮੀ ਏ ਜਿਹਦੇ ਕੋਲ ਮਾਇਆ ਦਾ ਹਿਸਾਬ ਈ ਨਹੀਂ।

ਸ਼ੀਂਹ : ਤੇਰੇ ਕੋਲੋਂ ਕਾਬੂ ਕਿਵੇਂ ਹੁੰਦਾ ਸਾਧਾ, ਜਿਹਦੀ ਲਾਠੀ ਉਹਦੀ ਮੱਝ। ਸਾਲੇ ਮੇਰੇ ਲੋਕ ਮੈਨੂੰ ਸ਼ੀਂਹਾ ਡਾਕੂ ਵੀ ਕਹਿੰਦੇ ਨੇ ਤੇ ਪੁੱਠੇ ਸਿੱਧੇ ਕੰਮ ਵੀ ਮੇਰੇ ਕੋਲੋਂ ਕਰਾਉਂਦੇ ਨੇ। ਸਭ ਜਾਣਦੇ ਨੇ ਜਦ ਸ਼ੀਂਹਾ ਡਾਕੂ ਬੜਕ ਮਾਰਦੈ ਤਾਂ ਰਾਤ ਨੂੰ ਸੁੱਤੇ ਨਿਆਣਿਆਂ ਦਾ ਪਿਸ਼ਾਬ ਨਿਕਲ ਜਾਂਦੈ। ਸਾਧਾ, ਵੱਡੇ-ਵੱਡੇ ਖੰਨੀਖਾਨਾਂ ਨੂੰ ਸ਼ੀਂਹਾ ਹੀ ਕਾਬੂ ਕਰ ਸਕਦੈ।

ਸਾਧ : (ਡਰਦਾ ਹੋਇਆ) ਬਿਲਕੁਲ ਦਰੁੱਸਤ ਫਰਮਾਇਐ, ਮੈਂ ਚਲਦਾਂ।

ਸ਼ੀਂਹ : ਸਾਧ ਨੂੰ ਬਾਂਹ ਤੋਂ ਪਕੜਦਾ ਹੋਇਆ) ਡਰਦਾ ਕਿਉਂ ਏਂ। ਮੇਰੇ ਤੋਂ ਡਰ ਲੱਗਦਾ ਪਿਐ?

ਸਾਧ : ਹਾਂ ਹਾਂ ਸ਼ੀਂਹਾ ਜੀ।

ਸ਼ੀਂਹ : ਤੂੰ ਆਹ ਸਾਧਾਂ ਵਾਲੀ ਵਰਦੀ ਲਾਹ ਸੁੱਟ ਤੇ ਪਾ ਡਾਕੂਆਂ ਵਾਲੀ ਵਰਦੀ, ਫਿਰ ਵੇਖੀਂ ਡਰ ਕਿਧਰ ਜਾਂਦਾ ਏ। ਸਾਧਾਂ, ਕੰਮ ਤਾਂ ਤੇਰਾ ਵੀ ਡਾਕਾ ਮਾਰਨਾ ਈ ਹੁੰਦੈ। ਧੀਰ ਮੱਲ ਸਾਧ ਦਾ ਡਮਾਕ ਬੜਾ ਤੇਜ ਏ। ਉਹਦਾ ਸਿਤਾਰਾ ਸਮਝ ਲੈ ਚਮਕ ਪਿਐ, ਜਿਹਨੇ ਐਨ ਠੀਕ ਵਕਤ ਮੈਨੂੰ ਯਾਦ ਕੀਤੈ।

ਸਾਧ : ਧੀਰ ਮੱਲ ਜੀ ਦੀ ਤਾਂ ਰੱਬ ਨਾਲ ਗੱਲ ਏ।

ਸ਼ੀਂਹ : ਕਿਹੜੇ ਰੱਬ ਨਾਲ ਗੱਲ ਏ ਉਹਦੀ? ਰੱਬ ਨੇੜੇ ਕਿ ਘਸੁੰਨ? ਪਰ ਧੀਰ ਮੱਲ ਬਾਜੀ ਮਾਰ ਗਿਐ। ਇੱਕ ਪਾਸੇ ਤੇਰੇ ਜਿਹੇ ਸਾਧ ਆਪਣੀ ਕੰਨੀਂ ਬੰਨ ਲਏ ਤੇ ਦੂਜੇ ਪਾਸੇ ਮੇਰੇ ਨਾਲ ਸੌਦੇਬਾਜ਼ੀ ਕਰ ਲਈ। ਘਬਰਾ ਨਾ ਧੀਰ ਮੈਲਾ, ਤੇਰੇ ਚੇਲੇ ਚਾਟੜੇ ਭਾਵੇਂ ਤੈਨੂੰ ਗੁਰੂ ਨਾ ਹੀ ਬਣਾ ਸਕਣ ਆਹ ਸ਼ੀਂਹੇ ਦੀ ਬੰਦੂਕ ਤੈਨੂੰ ਗੁਰੂ ਬਣਾ ਕੇ ਹੀ ਛੱਡੇਗੀ। ਹਾ...ਹਾ... ਹਾ... (ਹੱਸਦਾ ਹੈ)

ਸਾਧ : ਹੀਂ ਹੀਂ ਹੀਂ... (ਕਿਸਾਨ ਆਉਂਦਾ ਹੈ) ਸ਼ੀਂਹਾ ਜੀ, ਤੁਸੀਂ ਇਸ ਬੰਦੇ ਨਾਲ ਕੋਈ ਕਰੋ ਗੱਲਬਾਤ, ਮੈਂ ਤੁਹਾਡੇ ਲਈ ਪਰਸ਼ਾਦੇ ਲੈ ਕੇ ਆਇਆ। (ਸਾਧ ਖਿਸਕ ਜਾਂਦਾ ਹੈ)

ਸ਼ੀਂਹ : ਸਾਲਾ ਪਰਸ਼ਾਦਿਆਂ ਦਾ, ਉਤੋਂ ਬਗਲਾ ਵਿੱਚੋਂ ਕਾਂ।

ਕਿਸਾਨ : (ਆਪਣੇ ਆਪ ਵਿੱਚ ਗਾਉਂਦਾ ਹੋਇਆ) ਸ਼ਾਹੂਕਾਰ ਦਾ ਨਾ ਲੱਥਾ ਕਰਜਾ,

ਜੱਟਾ ਤੇਰੀ ਜੂਨ ਬੁਰੀ।

ਸ਼ੀਂਹ : (ਸਾਂਗ ਲਾ ਕੇ) ਸ਼ਾਹੂਕਾਰ ਦਾ ਨਾ ਲੱਥਾ ਕਰਜਾ... ਸਾਲਿਆ ਆਹ ਬੰਦੂਕ ਫੜ, ਫੇਰ ਵੇਖੀਂ ਸ਼ਾਹੂਕਾਰ ਦਾ ਵਹੀ ਖਾਤਾ ਕਿਵੇਂ ਖੂਹ ਖਾਤੇ 'ਚ ਪੈਂਦੈ।

ਕਿਸਾਨ : ਸ਼ੀਂਹਾ ਡਾਕੂ? ਤੂੰ ਐਥੇ ਕਿਵੇਂ?

ਸ਼ੀਂਹਾ : ਇਹਨਾਂ ਸਾਧਾਂ ਦੀ ਮਾਂ ਦੀ ਮਕਾਣੇ ਆਇਆਂ।

ਕਿਸਾਨ : ਕਦੇ ਚੰਗੀ ਗੱਲ ਕਰ ਲਿਆ ਕਰ ਭਰਾਵਾ। ਐਥੇ ਵੇਖ, ਕਿੰਨੇ ਮਹਾਂਪੁਰਖ ਤਪ ਪਏ ਕਰਦੇ ਨੇ। ਉਹਨਾਂ ਦੇ ਬਚਨ ਸੁਣ...

ਸ਼ੀਂਹਾ : (ਟੋਕਦਾ ਹੋਇਆ) ਮੈਂ ਨਹੀਂ ਸੁਣਦਾ ਬਚਨ ਇਹਨਾਂ ਮਾਲਾ ਫੇਰਨ ਵਾਲਿਆਂ ਦੇ। ਸਾਰੇ ਵਿਹਲੜ ਤੇ ਪਖੰਡੀ ਸੂਰਾਂ ਵਾਂਗ ਢਿੱਡ ਛੱਡੀ ਬੈਠੇ ਨੇ। ਮੇਰੇ ਤੋਂ ਵੱਧ ਪਾਪੀ ਨੇ।

ਕਿਸਾਨ : ਭਰਾਵਾ ਇੰਜ ਨਾ ਬੋਲ ਉਲਟ ਮਹਾਂਪੁਰਖਾਂ ਦੇ।

ਸ਼ੀਂਹਾ : ਆਹ ਮਹਾਂਪੁਰਖ ਤੇਰੇ ਜਿਹੇ ਉਲੂਆਂ ਨੂੰ ਸਵਰਗਾਂ ਦੇ ਸਬਜ਼ ਬਾਗ ਵਿਖਾ ਕੇ ਆਪਣਾ ਹਲਵਾ ਮਾਂਢਾ ਚਲਾਉਂਦੇ ਨੇ ਤੇ ਮੈਂ ਆਹ ਬੰਦੂਕ ਦੀ ਦਹਿਸ਼ਤ ਨਾਲ ਲੋਕਾਂ ਨੂੰ ਲੁੱਟਦਾਂ। ਧੀਰ ਮੱਲ ਨੇ ਮਾਇਆ ਦਿੱਤੀ ਏ ਤੇ ਮੈਂ ਉਹਦੀ ਮਦਦ ਤੇ ਆ ਗਿਆਂ। ਭਲਾ ਤੂੰ ਦਸ, ਧੀਰ ਮੱਲ ਨੇ ਸਾਰੀ ਜ਼ਿੰਦਗੀ ਕੋਈ ਬੰਦਿਆਂ ਵਾਲਾ ਕੰਮ ਕੀਤੈ, ਜੋ ਪੁੱਠਾ ਕੰਮ ਉਹਦੀ ਕਿਸਮਤ 'ਚ ਲਿਖਿਐ ਪਰ... ਅੱਜ ਉਹਨੇ ਗੁਰੂ ਬਣਨਾ ਈ ਬਣਨੈਂ।

(ਨਗਾਰੇ ਦੀ ਤੇਜ਼ ਆਵਾਜ਼ ਆਉਂਦੀ ਹੈ, ਸ਼ੀਂਹਾ ਅਤੇ ਕਿਸਾਨ ਬੜੀ ਹੈਰਾਨੀ ਵਿੱਚ ਉਸ ਦਿਸ਼ਾ ਵੱਲ ਵੇਖਦੇ ਹਨ, ਜਿਧਰੋਂ ਆਵਾਜ਼ ਆ ਰਹੀ ਹੈ)

ਆਵਾਜ਼ : ਗੁਰੂ ਲਾਧੋ ਰੇ, ਗੁਰੂ ਲਾਧੋ ਰੇ।

ਕਿਸਾਨ : ਇਹ ਵਾਜ ਕਿਹਦੀ ਏ ਭਰਾਵਾ? ਇਹ ਵਾਜ ਉਸ ਵਪਾਰੀ ਦੀ...

ਸ਼ੀਂਹਾ : ਇਹ ਬੜੀ ਗੜਕਵੀਂ ਵਾਜ ਏ। ਗੁਰੂ ਲੱਭ ਪਿਐ? ਉਹ ਵੀ ਸ਼ੀਂਹੇ ਦੀ ਬੰਦੂਕ ਦੀ ਗੋਲੀ ਬਿਨਾਂ। ਇਹ ਨਹੀਂ ਹੋ ਸਕਦਾ, ਮੈਂ ਇੰਜ ਨਹੀਂ ਹੋਣ ਦਿਆਂਗਾ?

(ਬਾਵਾ ਆਉਂਦਾ ਹੈ)

ਬਾਵਾ : (ਆਪਣੇ ਆਪ ਵਿੱਚ) ਗੁਰੂ ਲੱਭ ਗਿਐ, ਗੁਰੂ ਤੇਗ ਬਹਾਦਰ ਛੇਵੇਂ ਪਾਤਸ਼ਾਹ ਹਰਗੋਬਿੰਦ ਜੀ ਦੇ ਸਭ ਤੋਂ ਛੋਟੇ ਸਪੁੱਤਰ।

ਸ਼ੀਂਹਾ : (ਤੇਜ਼ ਕਦਮੀਂ ਜਾਂਦਾ ਹੋਇਆ) ਮੈਂ ਦੇਖਦਾਂ ਵੱਡੇ ਗੁਰੂ ਨੂੰ। ਤੇਗ ਬਹਾਦਰ, ਮੇਰੇ ਹੁੰਦੇ ਹੋਏ ਤੂੰ ਗੁਰੂ ਨਹੀਂ ਬਣ ਸਕਦਾ। (ਸ਼ੀਂਹਾ ਚਲਾ ਜਾਂਦਾ ਹੈ)

ਕਿਸਾਨ : (ਬਾਵੇ ਨੂੰ) ਕਿੰਜ ਪ੍ਰਗਟ ਹੋਇਐ ਸਾਡਾ ਗੁਰੂ?

ਬਾਵਾ : ਉਸ ਭਲੇ ਵਪਾਰੀ ਮੱਖਣ ਸ਼ਾਹ ਲੁਬਾਣਾ ਨੇ ਸੱਚੇ ਗੁਰੂ ਦੀ ਪਛਾਣ ਕੀਤੀ ਏ। ਉਹਦਾ ਜਹਾਜ਼ ਤੂਫਾਨ ਵਿੱਚ ਫਸ ਗਿਆ ਸੀ। ਉਹਨੇ ਗੁਰੂ ਨੂੰ ਯਾਦ ਕੀਤਾ ਕਿ ਜੇ ਉਹਦਾ ਜਹਾਜ਼ ਬੰਨੇ ਲੱਗ ਜਾਵੇ ਤਾਂ ਉਹ ਪੰਜ ਸੌ ਸੋਨੇ ਦੀਆਂ ਮੋਹਰਾਂ ਭੇਟ ਕਰੇਗਾ।



ਕਿਸਾਨ : ਫਿਰ ਲੱਗ ਗਿਐ ਜਹਾਜ਼ ਪਾਰ?

ਬਾਵਾ : ਹਾਂ, ਮੱਖਣ ਸ਼ਾਹ ਨੇ ਇੱਥੇ ਆ ਕੇ ਵੇਖਿਆ ਕਿ 22 ਗੁਰੂ ਆਪਣੇ ਗੁਰੂ ਹੋਣ ਦਾ ਦਾਅਵਾ ਕਰ ਰਹੇ ਸਨ ਤਾਂ ਉਸ ਵਪਾਰੀ ਨੇ ਸੋਚਿਆ ਇਨ੍ਹਾਂ ਨਕਲੀ ਗੁਰੂਆਂ ਅੱਗੇ ਦੋ ਦੋ ਮੋਹਰਾਂ ਰੱਖ ਮੱਥਾ ਟੇਕ ਦਿੱਤਾ ਜਾਵੇ।

ਕਿਸਾਨ : ਮੰਨ ਗਏ ਵਪਾਰੀ ਦੇ ਡਮਾਕ ਨੂੰ।

ਬਾਵਾ : ਇਹ ਨਕਲੀ ਗੁਰੂ ਤਾਂ ਦੋ ਦੋ ਮੋਹਰਾਂ ਲੈ ਕੇ ਬਾਗੋ-ਬਾਗ ਹੋ ਗਏ। ਜਦ ਮੱਖਣ ਸ਼ਾਹ ਨੇ ਗੁਰੂ ਤੇਗ ਬਹਾਦਰ ਜੀ ਅੱਗੇ ਦੋ ਮੋਹਰਾਂ ਰੱਖੀਆਂ ਤਾਂ ਗੁਰੂ ਜੀ ਨੇ ਮੁਸਕਰਾ ਕੇ ਪੁੱਛਿਆ ਭਾਈ ਬਾਕੀ ਦੀਆਂ 498 ਮੋਹਰਾਂ ਕਦੋਂ ਭੇਟ ਕਰਨੀਆਂ ਨੇ।

ਕਿਸਾਨ : ਇਹਨਾਂ 22 ਨਕਲੀ ਬਾਬਿਆਂ ਦੀ ਤਾਂ ਫੱਟੀ ਪੋਚੀ ਗਈ। ਮੈਂ ਦਰਸ਼ਨ ਕਰਦਾਂ ਸੱਚੇ ਗੁਰੂ ਦੇ। (ਜਾਂਦਾ ਹੈ)

ਬਾਵਾ : (ਆਪਣੇ ਆਪ ਵਿੱਚ) ਭਾਈ ਮੱਖਣ ਸ਼ਾਹ ਲੁਬਾਣਾ, ਅਸੀਂ ਤਾਂ ਤੇਰਾ ਦੇਣਾ ਨਹੀਂ ਦੇ ਸਕਦੇ। ਤੇਰੀ ਸਿਆਣਪ ਤੋਂ ਕੁਰਬਾਨ ਹੋ ਜਾਵਾਂ। (ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ, ਕਿਸਾਨ ਦੌੜਿਆ ਆਉਂਦਾ ਹੈ)

ਕਿਸਾਨ : ਸ਼ੀਹੇ ਡਾਕੂ ਨੇ ਗੋਲੀ ਚਲਾਤੀ। ਗੁਰੂ ਜੀ ਦੇ ਮੋਢੇ ਨੂੰ ਛੂਹ ਕੇ ਲੰਘ ਗਈ।

ਬਾਵਾ : ਇਕ ਹੋਰ ਮੁਸੀਬਤ... ਮੈਂ ਵੀ ਕੁੱਝ ਕਰਾਂ ਕੁਰਬਾਨੀ ਗੁਰੂ ਜੀ ਵਾਸਤੇ। (ਬਾਵਾ ਦੌੜਦਾ ਹੋਇਆ ਜਾਂਦਾ ਹੈ)

ਆਵਾਜ਼ਾਂ : ਮਾਰ ਦਿਓ ਪਾਪੀਆਂ ਨੂੰ, ਛੱਡਣਾ ਨਹੀਂ ਪਖੰਡੀਆਂ ਨੂੰ। ਮੇਰੇ ਸਾਥੀਓ, ਘੇਰ ਲਉ ਸ਼ੀਂਹੇ ਨੂੰ।

ਕਿਸਾਨ : ਖੂਨ ਖਰਾਬਾ ਹੋਵੇਗਾ। (ਸ਼ੀਂਹਾ ਦੌੜਿਆ ਆਉਂਦਾ ਹੈ)

ਸ਼ੀਂਹਾ : (ਘਬਰਾਹਟ ਵਿੱਚ) ਸਾਲਿਆਂ ਮੇਰੀ ਬੰਦੂਕ ਖੋਹ ਲਈ ਮੱਖਣ ਸ਼ਾਹ ਦੇ ਬੰਦਿਆਂ ਨੇ। ਇਹ ਧਾੜਵੀ ਪਤਾ ਨਹੀਂ ਕਿਧਰੋਂ ਆ ਗਏ।

(ਮੱਖਣ ਸ਼ਾਹ ਤਲਵਾਰ ਫੜੀ ਆਉਂਦਾ ਹੈ ਅਤੇ ਸ਼ੀਂਹੇ ਨੂੰ ਧੱਕਾ ਮਾਰਦਾ ਹੈ। ਸ਼ੀਂਹਾ ਧਰਤੀ ਤੇ ਡਿੱਗ ਪੈਂਦਾ ਹੈ)

ਮੈਨੂੰ ਮਾਫ ਕਰਦੇ... ਮੇਰੇ ਤੇ ਤਰਸ ਖਾ।

ਮੱਖਣ ਸ਼ਾਹ : ਤਰਸ ਕਰਾਂ ਤੇਰੇ ਤੇ! ਤੂੰ ਮੇਰੇ ਗੁਰੂ ਨੂੰ ਗੋਲੀ ਮਾਰਨ ਦੀ ਹਿੰਮਤ ਕਿਵੇਂ ਕੀਤੀ ਕਮੀਨਿਆ? ਤੇਰੇ ਜਿਹੇ ਬਦਮਾਸ਼ਾਂ ਨੂੰ ਸੋਧਾ ਲਾਉਣ ਦਾ ਕੰਮ ਰੱਬ ਨੇ ਸਾਨੂੰ ਹੀ ਸੌਂਪਿਆ ਏ। ਕਰ ਲੈ ਰੱਬ ਨੂੰ ਯਾਦ ਇੱਕ ਪਲ... ਤੇਰਾ ਕਿੱਸਾ ਖਤਮ ਹੋ ਗਿਐ।

ਸ਼ੀਂਹਾ : ਗੁਰੂ ਦੇ ਸਿੱਖਾ! ਮੈਨੂੰ ਬਖਸ਼ ਦੇ।

(ਬਾਵਾ ਆਉਂਦਾ ਹੈ)

ਮੱਖਣ ਸ਼ਾਹ : ਤੈਨੂੰ ਨੀਚ ਨੂੰ ਕਿਉਂ ਬਖਸ਼ਾਂ?

ਬਾਵਾ : ਭਾਈ ਮੱਖਣ ਸ਼ਾਹ, ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਨੀਚ ਬੰਦਿਆਂ ਨੂੰ ਮਾਫ ਕਰ ਦਿੱਤੈ। ਉਨ੍ਹਾਂ ਸਿੱਖਾਂ ਨੂੰ ਆਦੇਸ਼ ਦਿੱਤੈ ਕਿ ਕਿਸੇ ਦੁਸ਼ਮਣ ਦੀ ਵੀ ਜਾਨ ਨਾ ਲਈ ਜਾਵੇ।

| | |
|---|---|
| ਮੱਖਣ ਸ਼ਾਹ : | ਸ਼ੀਂਹੇ ! ਵੇਖ ਮੇਰੇ ਸਤਿਗੁਰ ਦਾ ਹਿਰਦਾ। ਉਹਨਾਂ ਦੇ ਆਦੇਸ਼ ਦੀ ਪਾਲਣਾ ਕਰਦਾ ਹੀ ਤੈਨੂੰ ਛੱਡ ਰਿਹਾਂ। |
| ਸ਼ੀਂਹਾ : | (ਡਰਿਆ ਹੋਇਆ) ਮੈਨੂੰ ਮਾਫ ਕਰੀਂ ਗੁਰੂ ਤੇਗ ਬਹਾਦਰ, ਮੈਨੂੰ ਮਾਫ਼ ਕਰੀਂ ! ਅੱਜ ਤੋਂ ਮੈਂ ਡਾਕੇ ਨਹੀਂ ਮਾਰਾਂਗਾ। |
| ਬਾਵਾ : | ਧੰਨ ਏ ਮੇਰਾ ਗੁਰੂ... ਭਾਵੇਂ ਮੇਰਾ ਗੁਰੂ ਦਿੱਲੀ ਵਿੱਚ ਸੀ, ਚੇਚਕ ਦੀ ਬਿਮਾਰੀ ਤੋਂ ਪੀੜਤ ਗਰੀਬਾਂ ਦੀ ਬਾਂਹ ਫੜੀ, ਫਿਰ ਮੱਖਣ ਸ਼ਾਹ ਲੁਬਾਣਾ ਦਾ ਤੂਫਾਨ ਵਿੱਚੋਂ ਬਚਾਅ ਕੀਤਾ ਤੇ ਹੁਣ ਬਕਾਲੇ ਵਿੱਚ ਸੱਚ ਦਾ ਸੂਰਜ ਚੜ੍ਹ ਗਿਐ। |
| ਗੀਤ ਦੀ ਆਵਾਜ਼ : | ਦਿੱਲੀ ਹੋਏ ਜਾਂ ਬਾਬਾ ਬਕਾਲਾ<br>ਸੱਚੇ ਗੁਰੂ ਦਾ ਦੁਆਰਾ।<br>ਇਹਦੇ ਮਿੱਟੀ ਮੱਥੇ ਨੂੰ ਲਾਈਏ<br>ਮਾਨਸ ਜੀਵਨ ਸਫਲ ਬਣਾਈਏ।<br>(ਹਨੇਰਾ ਹੋ ਜਾਂਦਾ ਹੈ) |

◆◆◆

# ਕਹਾਣੀ/ ਮਿੰਨੀ ਕਹਾਣੀਆਂ

***ਹਿੰਦੀ ਤੋਂ ਪੰਜਾਬੀ ਅਨੁਵਾਦ***

## ਪ੍ਰਵਾਨਿਤ ਪ੍ਰਸ਼ਨ

**ਡਾ. ਜਗੀਰ ਸਿੰਘ ਨੂਰ**



ਸ਼ਾਲਿਨੀ ਨੇ 'ਮਾਨਵ-ਅਧਿਕਾਰ ਅਤੇ ਸਿੱਖਿਆ' ਵਿਸ਼ੇ ਤੇ ਆਯੋਜਿਤ ਕੀਤੀ ਜਾ ਰਹੀ ਗੋਸ਼ਟੀ ਵਿੱਚ ਸ਼ਾਮਲ ਹੋਣ ਵਾਸਤੇ ਜਾਣਾ ਸੀ। ਉਹ ਉਥੇ ਗਈ ਵੀ, ਕਿਉਂਕਿ ਪ੍ਰਿੰਸੀਪਲ ਦੇ ਆਦੇਸ਼ ਅਨੁਸਾਰ ਉਸ ਨੇ ਉੱਤੇ ਆਪਣੇ ਕਾਲਜ ਦੀ ਪ੍ਰਤੀਨਿੱਧਤਾ ਕਰਨੀ ਸੀ। ਉਹਦਾ ਆਪਣਾ ਤਾਂ ਮਨ ਨਹੀਂ ਸੀ ਮੰਨਦਾ ਕਿਉਂਕਿ ਉਹ ਇਸ ਕਿਸਮ ਦੇ ਆਯੋਜਨਾਂ ਨੂੰ ਦਿਖਾਵਾ ਮਾਤਰ ਸਮਝਦੀ ਸੀ। ਉਸ ਦੀ ਧਾਰਨਾ ਸੀ ਕਿ ਇਹੋ ਜਿਹੇ ਥਾਵਾਂ ਉੱਤੇ ਸਾਰਾ ਜ਼ੋਰ ਤਿਆਰੀ ਤੇ ਲਾ ਦਿੱਤਾ ਜਾਂਦਾ ਹੈ, ਪੇਪਰ ਪੜ੍ਹਨਾ, ਪੇਪਰ ਪੜ੍ਹਨ ਤੱਕ ਹੀ ਰਹਿ ਜਾਂਦਾ। ਚਰਚਾ-ਗੋਸ਼ਟੀਆਂ ਦੇ ਬਾਅਦ ਕੋਈ, ਉਠਾਏ ਗਏ ਸਵਾਲਾਂ ਬਾਰੇ ਗੌਰ ਨਹੀਂ ਕਰਦਾ। ਫਿਰ ਵੀ ਚਰਚਾ-ਗੋਸ਼ਟੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਜਾਣਾ ਤਾਂ ਪੈਂਦਾ ਹੀ ਹੈ ਨਾ। ਭਾਵ ਇਹ ਕਿ ਉਸ ਦਾ ਇੱਥੇ ਸ਼ਾਮਲ ਹੋਣਾ ਮਹਿਜ਼ ਰਸਮੀ ਜਿਹਾ ਸੀ।

ਬਾਹਰੋਂ ਆਏ ਪ੍ਰਤੀਨਿਧ ਨਾਸ਼ਤੇ ਲਈ ਲੱਗੇ ਹੋਏ ਮੇਜ਼ਾਂ ਦੇ ਦੁਆਲੇ ਖੜ੍ਹੇ ਸਨ ਅਤੇ ਦੋ-ਦੋ ਚਾਰ-ਚਾਰ ਦੀ ਗਿਣਤੀ ਵਿੱਚ ਇੱਕ-ਦੂਸਰੇ ਤੋਂ ਜਾਣੂ ਹੋਣ ਵਾਸਤੇ ਰੁੱਝੇ ਹੋਏ ਸਨ। ਸ਼ਾਲਿਨੀ ਦੀ ਸਹੇਲੀ ਪ੍ਰਭਾ ਉਸ ਵਾਸਤੇ ਆਪਣੀ ਹੀ ਪਲੇਟ ਵਿੱਚ ਨਾਸ਼ਤਾ ਪਾ ਲਿਆਈ ਸੀ। ਪਰ



ਸ਼ਾਲਿਨੀ ਦਾ ਜੀਅ ਕੁਝ ਵੀ ਖਾਣ ਵਾਸਤੇ ਨਹੀਂ ਸੀ ਕਰਦਾ। ਉਹ ਨਾ ਚਾਹੁੰਦਿਆਂ ਹੋਇਆਂ ਵੀ ਇੱਕ ਅੱਧੀ ਗਰਾਹੀ ਪਲੇਟ 'ਚੋਂ ਚੁੱਕ ਲੈਂਦੀ ਅਤੇ ਮੂੰਹ 'ਚ ਪਾ ਕੇ ਕਿੰਨੀ ਦੇਰ ਤੱਕ ਪਪੋਲਦੀ ਰਹਿੰਦੀ, ਜਿਵੇਂ ਕਿ ਉਹਨੂੰ ਡਰ ਸੀ ਕਿ ਜੇਕਰ ਉਸ ਨੇ ਗਰਾਹੀ ਨੂੰ ਗਲ਼ੇ ਤੋਂ ਥੱਲੇ ਉਤਾਰ ਲਿਆ ਤਾਂ ਉਸ ਨੂੰ ਦੁਬਾਰਾ ਹੋਰ ਗਰਾਹੀ ਲੈਣੀ ਪਵੇਗੀ। ਉਸ ਨੇ ਐਨ ਸਾਹਮਣੇ ਕ੍ਰੋਟਨ ਦੇ ਗਮਲਿਆਂ ਦੀ ਕਤਾਰ ਲੱਗੀ ਪਈ ਸੀ। ਉਸ ਦੀ ਨਜ਼ਰ ਕ੍ਰੋਟਨ ਦੇ ਪੌਦਿਆਂ ਦੀਆਂ ਕਰੂੰਬਲਾਂ ਉੱਤੇ ਟਿਕ ਜਾਣ ਦੀ ਕੋਸ਼ਿਸ਼ ਵਿੱਚ ਸੀ।

ਮੂੰਹ ਵਿੱਚ ਗਰਾਹੀ ਨੂੰ ਚਿੱਥਦਿਆਂ, ਉਹ ਕ੍ਰੋਟਨ ਤੇ ਮਾਣ ਕਰ ਰਹੀ ਸੀ, ਦੇਖੋ, ਕਿੱਡਾ ਭਾਗਾਂ ਭਰਿਆ ਹੈ ਕ੍ਰੋਟਨ ਦਾ ਪੌਦਾ, ਪੱਤਿਆਂ ਨੇ ਪੁੱਲਾਂ ਵਾਲਾ ਰੁਤਬਾ ਗ੍ਰਹਿਣ ਕੀਤਾ ਹੋਇਆ ਹੈ। ਫੁੱਲ ਖਿੜਨ ਦਾ ਖਿੜਨਾ, ਨਾ ਸਹੀ, ਪੱਤੀਆਂ ਹੀ ਫੁੱਲ ਦਾ ਅਹਿਸਾਸ ਕਰਾ ਦੇਂਦੀਆਂ ਨੇ। ਸਾਰਾ ਸਾਲ ਮਾਣ ਪ੍ਰਾਪਤ ਕਰਦਾ ਹੈ, ਇਹ ਪੌਦਾ, ਮੌਸਮੀ ਫੁੱਲਾਂ ਨਾਲੋਂ ਵੱਧ ਇਹ ਪੁੱਛਿਆ ਅਤੇ ਜਾਣਿਆ ਜਾਂਦਾ ਹੈ। ਨਾਸ਼ਤਾ ਨਿਪਟ ਚੁੱਕਾ ਸੀ।

ਪ੍ਰਭਾ, ਹਾਲ ਵਿੱਚ ਜਾਣ ਵਾਸਤੇ ਕਹਿ ਰਹੀ ਸੀ। ਉਸ ਦੀ 'ਮਾਨਵ ਅਧਿਕਾਰ ਅਤੇ ਬੱਚੇ' ਵਿਸ਼ੇ ਵਿੱਚ ਦਿਲਚਸਪੀ ਸੀ ਪਰੰਤੂ ਸ਼ਾਲਿਨੀ....ਉਸ ਨੇ ਤਾਂ ਵਿਚਾਰੇ ਜਾਣ ਵਾਲੇ ਵਿਸ਼ਿਆਂ ਨੂੰ ਜੀ ਜਾਨਣ ਦਾ ਯਤਨ ਨਹੀਂ ਸੀ ਕੀਤਾ। ਪਹਿਲੇ ਪੜਾਅ ਵਿੱਚ ਹੋਣ ਵਾਲੇ 'ਮਾਨਵ ਅਧਿਕਾਰ ਅਤੇ ਭਾਰਤੀ ਨਾਰੀ' ਵਿਸ਼ੇ ਲਈ ਨਿਰਧਾਰਤਿ ਕਮਰੇ ਵਿੱਚ ਜਾ ਕੇ ਉਹ ਬੈਠ ਗਈ। ਗੋਸ਼ਟੀ ਵਿੱਚ ਉਸ ਦਾ ਸਰੋਕਾਰ ਉਸ ਦੇ ਉੱਥੇ ਹਾਜ਼ਰ ਹੋਣ ਦੀ ਹੱਦ ਤੱਕ ਹੀ ਸੀਮਿਤ ਸੀ। ਸਾਹਮਣੇ ਸਲਾਈਡ ਪ੍ਰੋਜੈਕਟਰ ਉੱਤੇ ਰਿਸੋਰਸ ਪਰਸਨ ਦਾ ਨਾਂ 'ਦਿਵੇਸ਼ ਸ਼ਰਮਾ' ਲਿਖਿਆ ਹੋਇਆ ਸੀ। ਉਸ ਨੇ ਪਲ ਭਰ ਕੁਝ ਸੋਚਣਾ ਚਾਹਿਆ ਪਰ ਜਲਦੀ ਹੀ ਇਸ ਸੋਚ ਤੋਂ ਉਕਤਾ ਵੀ ਗਈ।

ਏਧਰ ਜਿਉਂ ਹੀ ਦਿਵੇਸ਼ ਨੇ ਲੈਕਚਰਾਰ-ਰੂਮ 'ਚ ਪ੍ਰਵੇਸ਼ ਕੀਤਾ ਉਹ ਉਸ ਨੂੰ ਪਹਿਲੀ ਤੱਕਣੀ 'ਚ ਹੀ ਪਛਾਣ ਗਈ। ਰਸਮੀ ਜਿਹੀ ਕਾਰਵਾਈ ਬਾਅਦ ਨਿਰਧਾਰਤ ਵਿਸ਼ੇ ਉੱਤੇ ਵਿਚਾਰ ਚਰਚਾ ਆਰੰਭ ਹੋਈ। ਸਭ ਤੋਂ ਪਹਿਲਾਂ ਦਿਵੇਸ਼ ਨੇ ਹੀ ਆਪਣਾ ਪੇਪਰ ਪੜ੍ਹਿਆ। ਉਸ ਦੀ ਵਿਸ਼ੇ ਉੱਤੇ ਪਕੜ ਲਾਜਵਾਬ ਸੀ। ਉਸ ਦੁਆਰਾ ਪੇਪਰ ਆਰੰਭ ਕਰਦਿਆਂ ਹੀ ਸ਼ਾਲਿਨੀ ਦਾ ਗੋਸ਼ਟੀ ਨਾਲ ਅਤੇ ਸੰਬੰਧਿਤ ਵਿਸੇ ਨਾਲ ਸਿੱਧਾ ਸਰੋਕਾਰ ਜੁੜ ਗਿਆ। ਇਸ ਵੇਲੇ ਤੱਕ ਲੈਕਚਰ ਰੂਮ ਵਿੱਚ ਪ੍ਰਤੀਨਿਧੀਆਂ ਦੀ ਖ਼ੂਬ ਭੀੜ ਹੋ ਚੁੱਕੀ ਸੀ। ਤਿਲ ਸੁੱਟਣ ਜੋਗਾ ਵੀ ਥਾਂ ਬਾਕੀ ਨਹੀਂ ਸੀ ਬਚਿਆ। ਕਈ ਪ੍ਰਤੀਨਿਧਾਂ ਨੂੰ ਤਾਂ ਖੜ੍ਹੇ-ਖੜ੍ਹੋਤੇ ਹੀ ਪੇਪਰ ਸੁਣਨਾ ਪਿਆ। ਸਾਰੇ ਰੂਮ ਵਿੱਚ ਖਾਮੋਸ਼ੀ ਦਾ ਸਨਾਟਾ ਛਾਇਆ ਹੋਇਆ ਸੀ, ਜਿਸ ਨੂੰ ਦਿਵੇਸ਼ ਦੇ ਬੋਲ ਭੰਗ ਕਰ ਰਹੇ ਸਨ। ਉਸ ਨੇ ਵਿਸ਼ੇ ਦੀ ਚੰਗੀ ਤਿਆਰੀ ਕੀਤੀ ਹੋਈ ਸੀ। ਆਪਣੀ ਗੱਲ ਨੂੰ ਉਹ ਜਾਨਦਾਰ... ਤੱਥਾਂ ਅਤੇ ਹਵਾਲਿਆਂ ਸਮੇਤ ਸਭ ਦੇ ਸਨਮੁੱਖ ਕਰ ਰਿਹਾ ਸੀ। ਪ੍ਰਸ਼ਨੋਤਰ-ਵਕਤ ਦੀ ਗਹਿਮਾ-ਗਹਿਮੀ ਦਾ ਆਲਮ ਰਿਹਾ। ਉਸ ਨੇ ਠਰ੍ਹਮੇ ਭਰੇ ਸ਼ਬਦਾਂ 'ਚ ਪ੍ਰਸ਼ਨ ਕਰਨ ਵਾਲਿਆਂ ਦੇ ਸਵਾਲਾਂ ਦੇ ਉੱਤਰ ਦਿੱਤੇ ਅਤੇ ਆਪਣੇ ਤਰਕ ਨਾਲ ਸਭਨਾਂ ਦੀ ਤਸੱਲੀ ਕਰਵਾ ਦਿੱਤੀ।

ਲੰਚ ਦੇ ਸਮੇਂ ਵਿੱਚ ਸ਼ਾਲਿਨੀ ਝਟਪਟ ਜਾ ਕੇ ਦਿਵੇਸ਼ ਦੇ ਸਾਹਮਣੇ ਖਲੋ ਗੀ। ਉਸ ਨੇ ਉਸ ਦੇ ਚਿਹਰੇ ਉੱਤੇ ਨਜ਼ਰਾਂ ਟਿਕਾ ਕੇ ਪੁੱਛਿਆ-

"ਮੈਨੂੰ ...ਪਛਾਣਿਐ...?"

"ਸ਼ਾਲਿਨੀ ਕੀ ਹੋ ਗਿਐ ਤੈਨੂੰ... ਭਲਾ ਤੈਨੂੰ ਪਛਾਨਣ ਵਿੱਚ ਅੱਖਾਂ ਕਦੇ ਧੋਖਾ ਖਾ ਸਕਦੀਆਂ ਨੇ?" ਦਿਵੇਸ਼ ਦਾ ਚਿਰ ਪਰਿਚਿਤ ਠਰੰਮੇ ਭਰਪੂਰ ਬੋਲ ਜਿਵੇਂ ਸ਼ਾਲਿਨੀ ਦੇ ਸਮੁੱਚੇ

ਵਿਅਕਤੀਤਵ ਨੂੰ ਅਚੰਭਿਤ ਕਰ ਗਿਆ। ਦਿਵੇਸ਼ ਨੇ ਸ਼ਾਇਦ ਉਸ ਨੂੰ ਲੈਕਚਰ ਰੂਮ ਵਿੱਚ ਵੇਖਦਿਆਂ ਹੀ ਪਹਿਚਾਣ ਲਿਆ ਸੀ।

ਸ਼ਾਲਿਨੀ ਮੋਹਕ ਅੰਦਾਜ਼ ਵਿੱਚ ਮੁਸਕਰਾ ਉਠੀ। ਦਿਵੇਸ਼ ਨੇ ਪੁੱਛਿਆ –

"ਹੋਰ ਸੁਣਾਓ ਸ਼ਾਲਿਨੀ... ਕੀ ਹਾਲ ਏ। ਏਨੇ ਸਾਲਾਂ ਦੇ ਬਾਅਦ ਮਿਲੀ।

... ਪਰਿਵਾਰ... ਬੱਚੇ ਵਗੈਰਾ...." ਉਹ ਸ਼ਾਇਦ ਇੱਕੋ ਵਾਕ ਵਿੱਚ ਹੀ ਸਾਰੇ ਪ੍ਰਸ਼ਨ ਪੁੱਛ ਲੈਣਾ ਚਾਹੁੰਦਾ ਹੋਵੇ।

"ਲੈ ਦੇ... ਕੇ ਇਕੋ ਬੇਟੀ ਹੈ....। ਇਸ ਸਾਲ ਉਸ ਨੇ ਬਾਹਰਵੀਂ ਦਾ ਇਮਤਿਹਾਨ ਦਿੱਤਾ ਹੈ।" ਸ਼ਾਲਿਨੀ ਨੇ ਆਖ ਕੇ, ਸ਼ਾਇਦ ਪ੍ਰਸ਼ਨ ਕਰਨਾ ਚਾਹਿਆ ਸੀ ਪਰੰਤੂ ਉਧਰੋਂ ਅਗਲਾ ਪ੍ਰਸ਼ਨ ਵੀ ਹੋ ਚੁੱਕਾ ਸੀ।

"ਤੇ ਪਤੀ ਦੇਵ....? ਦਿਵੇਸ਼ ਦੀ ਸੁਰ ਵਿੱਚ ਜਗਿਆਸਾ ਸੀ।

"ਉਸ ਨਾਲ ਤਲਾਕ ਹੋਏ ਨੂੰ ਦਸ ਸਾਲ ਹੋ ਚੁੱਕੇ ਹਨ। ਤਾਂ ਹੀ ਤੇ ਆਖਿਆ ਹੈ ਨਾ... ਲੈ... ਦੇ... ਕੇ ਇੱਕੋ ਬੇਟੀ।" ਸ਼ਾਲਿਨੀ ਦੇ ਬੁੱਲ੍ਹ ਸੁੱਕ ਰਹੇ ਸਨ।

ਇਸ ਤੋਂ ਅੱਗੇ ਦਿਵੇਸ਼ ਕੁਝ ਨਾ ਪੁੱਛ ਸਕਿਆ। ਉਹ ਕਿਸੇ ਸੋਚ ਦੀਆਂ ਡੂੰਘੀਆਂ-ਖਾਈਆਂ ਵਿੱਚ ਉਤਰਦਾ ਚਲਾ ਗਿਆ। ਸ਼ਾਲਿਨੀ ਦਾ ਮਨ ਹੁਲਾਰੇ ਵਿੱਚ ਆ ਕੇ ਇਸ ਤਰ੍ਹਾਂ ਅਡੋਲਿਤ ਹੋਣ ਲੱਗਾ, ਜਿਸ ਤਰ੍ਹਾਂ ਸੁੱਕੀ ਨਦੀ ਵਿੱਚ ਕੋਈ ਝਰਨਾ ਆ ਕੇ ਮਿਲ ਗਿਆ ਹੋਵੇ, ਜਿਵੇਂ ਸਹਿਸਾ ਜਾਂ ਪਤਝੜ ਤੋਂ ਬਾਅਦ ਬਚੀਆਂ ਟਾਹਣੀਆਂ ਤੇ ਇੱਕੋ ਵੇਲੇ ਨਿਸ਼ਚਿਤ ਪਤੀਆਂ ਫੁੱਟ ਪਈਆਂ ਹੋਣ। ਉਸ ਨੇ ਦਿਵੇਸ਼ ਨੂੰ ਰਾਤ ਦੇ ਖਾਣੇ ਤੇ ਆਪਣੇ ਘਰ ਆਉਣ ਦਾ ਸੱਦਾ ਦਿੱਤਾ। ਦਿਵੇਸ਼ ਨੇ ਵੀ "ਕਿਉਂ ਨਹੀਂ...." ਜਿਹੇ ਸੀਮਿਤ ਸ਼ਬਦਾਂ ਵਿੱਚ ਪਰ ਖਿੜੀ-ਮੁਸਕਾਨ ਨਾਲ ਇਸ ਸੱਦੇ ਨੂੰ ਸਵੀਕਾਰ ਕਰ ਲਿਆ। ਦਿਵੇਸ਼ ਦੀ ਅਜਿਹੀ 'ਹਾਂ' ਸ਼ਾਲਿਨੀ ਵਾਸਤੇ ਖੁਸ਼ੀਆਂ ਦਾ ਸਾਗਰ ਸੀ। ਉਹ ਗੋਸ਼ਟੀ ਦੇ ਬਾਕੀ ਸਮੇਂ ਵਿੱਚ ਕਲਪਨਾਵਾਂ ਦੇ ਪੰਘੂੜੇ ਨੂੰ ਝੂਟਦੀ ਰਹੀ। ਉਹ ਘੜੀ-ਮੁੜੀ ਦੇਖਦੀ ਸੀ। ਜਿਵੇਂ ਕਿ ਉਸ ਦੇ ਬਾਰ-ਬਾਰ ਦੇਖਣ ਨਾਲ ਸਮਾਂ ਛੇਤੀ-ਛੇਤੀ ਬੀਤਣ ਲੱਗ ਪਵੇਗਾ।

ਗੋਸ਼ਟੀ ਦੀ ਸੰਪੂਰਨਤਾ ਹੋਣ ਉਪਰੰਤ ਸ਼ਾਲਿਨੀ ਦਿਵੇਸ਼ ਨੂੰ ਆਪਣੇ ਨਾਲ ਹੀ ਲੈ ਗਈ। ਮਾਂ-ਧੀ ਨੇ ਉਸ ਦੀ ਬਹੁਤ ਚੰਗੀ ਤਰ੍ਹਾਂ ਆਉ-ਭਗਤ ਕੀਤੀ। ਦਿਵੇਸ਼ ਵੀ ਕਿਸੇ ਚੰਗੇ ਜਾਣਕਾਰ ਅਤੇ ਪੁਰਾਣੇ ਪਰਿਵਾਰਿਕ ਮੈਂਬਰ ਵਾਂਗ ਉਨ੍ਹਾਂ ਨਾਲ ਗੱਲਾਂ ਕਰਦਾ ਰਿਹਾ। ਸ਼ਾਲਿਨੀ ਦੀ ਧੀ ਨੂੰ ਤਾਂ ਉਹ 'ਬਿਟੀਆ ਰਾਣੀ... ਬਿਟੀਆ ਰਾਣੀ...., ਬੁਲਾਂਦਾ ਹੋਇਆ ਗੱਲਾਂ ਕਰਦਾ ਥੱਕਦਾ ਨਹੀਂ ਸੀ। ਉਸ ਦੀ ਪੜ੍ਹਾਈ ਅਤੇ ਉਸ ਦੀਆਂ ਰੁਚੀਆਂ ਬਾਬਤ ਉਸ ਨੇ ਬੇਸ਼ੁਮਾਰ ਗੱਲਾਂ ਕੀਤੀਆਂ। ਸ਼ਾਲਿਨੀ ਦੀ ਧੀ ਪਹਿਲਾਂ ਪਹਿਲ ਤਾਂ ਥੋੜ੍ਹਾ ਜਿਹਾ ਝਿਜਕਦੀ ਰਹੀ ਸੀ ਪਰ ਛੇਤੀ ਹੀ ਉਹ ਆਮ ਵਾਂਗ, ਸਰਸਰੀ ਗੱਲਬਾਤ ਕਰਨ ਲੱਗ ਪਈ ਸੀ।

ਰਾਤ ਦੀ ਰੋਟੀ ਖਾਣ ਤੋਂ ਬਾਅਦ ਦਿਵੇਸ਼ ਅਤੇ ਸ਼ਾਲਿਨੀ ਘੁੰਮਣ ਫਿਰਨ ਲਈ ਬਾਹਰ ਨਿਕਲ ਪਏ। ਸ਼ਾਲਿਨੀ, ਜਿਸ ਨੇ ਆਪਣੀ ਜਗਿਆਸਾ ਨੂੰ ਅਜੇ ਤੱਕ ਦੱਬੀ ਰੱਖਿਆ ਹੋਇਆ ਸੀ, ਹੋਰ ਨਾ ਰੋਕ ਸਕੀ ਅਤੇ ਦਿਵੇਸ਼ ਨੂੰ ਸਿੱਧੇ ਤੌਰ 'ਤੇ ਹੀ ਉਸ ਦੇ ਪਰਿਵਾਰ ਬਾਬਤ ਪੁੱਛ ਲਿਆ। ਦਿਵੇਸ਼ ਨੇ ਸਹਿਜ ਭਾਵ ਹੀ ਜਵਾਬ ਦਿੱਤਾ ਕਿ ਉਹ ਅਜੇ ਇਕੱਲਾ ਹੀ ਹੈ। ਸ਼ਾਲਿਨੀ ਨੂੰ ਇਹ ਸੁਣ ਕੇ ਸ਼ਾਇਦ ਧੱਕਾ ਲੱਗਾ ਨਾਲ ਹੀ ਉਸ ਨੂੰ ਹੈਰਾਨੀ ਵੀ ਹੋਈ।

ਕਾਲਜ ਦੇ ਸਮੇਂ ਕਲਾਸ ਦੀਆਂ ਸਾਰੀਆਂ ਕੁੜੀਆਂ ਦਿਵੇਸ਼ ਨਾਲ ਨੇੜਤਾ ਵਾਸਤੇ ਉਸ ਦੇ



ਇਰਦ-ਗਿਰਦ ਘੁੰਮਿਆ ਕਰਦੀਆਂ ਸਨ। ਏਨਾ ਹੀ ਨਹੀਂ, ਕਾਲਜ ਦੀਆਂ ਹੋਰ ਵੀ ਕਈ ਕੁੜੀਆਂ ਜਦੋਂ ਕਦੇ ਵੇਖੋ ਉਸ ਦੇ ਅਸਾ-ਪਾਸ ਹੁੰਦੀਆਂ। ਉਸ ਨੇ ਰੀਆ, ਸੁਮਨ, ਅਨੁਰਾਧਾ, ਸੁਰਭੀ ਆਦਿ ਦੇ ਪ੍ਰਸੰਗ ਯਾਦ ਕਰਾਉਂਦਿਆਂ ਹੋਇਆਂ ਪੁੱਛ ਹੀ ਲਿਆ, "ਦਿਵੇਸ਼ ਇਹਨਾਂ ਸਭਨਾਂ ਵਿਚੋਂ ਕੋਈ ਨਹੀਂ, ਕੀ ਇੱਕ ਵੀ ਨਹੀਂ?"

ਦਿਵੇਸ਼ ਦੇ ਬੁਲ੍ਹਾਂ ਉੱਤੇ ਇੱਕ ਅਜੀਬ ਜਿਹੀ ਮੁਸਕਾਨ ਨੇ ਜਨਮ ਲਿਆ, "ਇੰਨੀਆਂ ਸਾਰੀਆਂ ਨਹੀਂ... ਸ਼ਾਲਿਨੀ... ਸਿਰਫ਼ ਇੱਕ... ਅਤੇ ਉਹ ਵੀ ਨਹੀਂ।"

ਸ਼ਾਲਿਨੀ ਦਾ ਚੁੱਪ ਰਹਿਣਾ ਹੁਣ ਮੁਸ਼ਕਲ ਸੀ, "ਪਰ ਸੁਹਣੇ ਸੁਹਣੇ ਵਿਅਕਤੀਤਵ ਅਤੇ ਸੁਹੱਪਣ ਪਰੀਆਂ ਦਾ ਕੀ ਬਣਿਆ?"

ਦਿਵੇਸ਼ ਗੰਭੀਰ ਹੋ ਗਿਆ।" "ਉਹ ਸਭ ਮੈਨੂੰ ਚਾਹੁੰਦੀਆਂ ਸਨ, ਇਹ ਸੱਚ ਹੈ... ਮੈਂ ਮੰਨਦਾ ਹਾਂ... ਆਪਣਿਆਂ-ਆਪਣਿਆਂ ਤਰੀਕਿਆਂ ਨਾਲ ਉਨ੍ਹਾਂ ਨੇ ਅਜਿਹੇ ਪ੍ਰਸਤਾਵ ਵੀ ਰੱਖੇ ਸਨ। ਪਰੰਤੂ ਉਹਨਾਂ ਸਭਨਾਂ ਵਿੱਚੋਂ ਮੇਰੀ ਰੁਚੀ ਅਤੇ ਪਸੰਦ 'ਚ ਖਰੀ ਉਤਰਨ ਵਾਲੀ ਕੋਈ ਵੀ ਨਹੀਂ ਸੀ। ਮੈਂ ਆਪਣੀ ਸੋਚ ਅਤੇ ਪਸੰਦ ਦੇ ਸਨਮੁੱਖ ਕੋਈ ਸਮਝੌਤਾ ਨਹੀਂ ਕਰ ਸਕਦਾ ਸੀ। ਮੇਰੀ... ਮੇਰੀ ਪਸੰਦ ਤੂੰ ਸੈਂ.... ਸਿਰਫ਼ ਤੂੰ.... ਸ਼ਾਲੂ....। ਅੱਜ ਵੀ ਮੈਨੂੰ ਤੇਰੇ ਤੋਂ ਆਪਣੇ ਪ੍ਰਸਤਾਵ ਦੀ ਉਡੀਕ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਸੀਂ (ਤੂੰ) ਮੇਰੇ ਪ੍ਰਸਤਾਵ ਦਾ ਜਵਾਬ ਕਿਉਂ ਨਹੀਂ ਦਿੱਤਾ।"

ਸ਼ਾਲਿਨੀ ਨੇ ਸਵਾਲ ਕੀਤਾ, "ਕੀ ਦੱਸਣਾ ਜ਼ਰੂਰੀ ਹੈ?" ਫਿਰ ਦਿਵੇਸ਼ ਦੇ ਚਿਹਰੇ ਦੇ ਭਾਵਾਂ ਨੂੰ ਅਤੇ ਆਪਣੇ ਮਨ ਦੀ ਝਲਕ ਨੂੰ ਦੇਖ ਕੇ ਦੱਸਣ ਵੀ ਲੱਗ ਪਈ, "ਦਿਵੇਸ਼... ਸੱਚ ਤਾਂ ਇਹ ਹੈ ਕਿ... ਤੂੰ ਮੇਰੀ ਪਸੰਦ ਸੀ। ਮੈਂ ਆਪਣੇ ਆਪ ਨੂੰ ਕਿਸਮਤ ਵਾਲੀ ਵੀ ਸਮਝਣ ਲੱਗ ਪਈ ਸੀ। ਹਰ ਪੱਖੋਂ ਮੈਂ ਤੈਨੂੰ ਯੋਗ ਅਤੇ ਉੱਚਿਤ ਸਮਝਿਆ। ਪਰ ਇਹ ਵੀ ਠੀਕ ਹੈ ਕਿ ਤੇਰਾ ਵਿਅਕਤੀਤਵ ਇਤਨਾ ਪ੍ਰਭਾਵਸ਼ਾਲੀ ਅਤੇ ਦਿਲ-ਖਿੱਚਵਾਂ ਸੀ ਕਿ ਕੁੜੀਆਂ ਅਕਸਰ ਹੀ ਤੇਰੇ ਚਾਰੇ ਪਾਸੇ ਮੰਡਰਾਉਂਦੀਆਂ ਰਹਿੰਦੀਆਂ ਸਨ। ਮੇਰੀ ਧਾਰਨਾ ਸੀ ਕਿ ਔਰਤ ਦੇ ਸੰਦਰਭ ਵਿੱਚ ਮਰਦ ਹਮੇਸ਼ਾ ਕਮਜ਼ੋਰ ਹੁੰਦੇ ਹਨ। ਫਿਰ ਵਿਆਹ ਉਪਰੰਤ ਵੀ ਤਾਂ ਇਹ ਤਿਤਲੀਆਂ ਮੰਡਰਾਉਂਦੀਆਂ ਰਹਿਣਗੀਆਂ ਹੀ ਅਤੇ ਤੂੰ ਜ਼ਰੂਰ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਦੇ ਚੱਕਰ ਵਿੱਚ ਫਸ ਜਾਵੇਂਗਾ, ਜੇਕਰ ਇਸ ਤਰ੍ਹਾਂ ਹੋ ਗਿਆ ਤਾਂ ਮੈਂ ਇਸ ਨੂੰ ਸਹਿ ਨਹੀਂ ਸਕਾਂਗੀ। ਮੈਂ ਆਪਣੀ ਚਾਚੀ ਨੂੰ ਚਾਚੇ ਦੇ ਇਹੋ ਜਿਹੇ ਸਬੰਧਾਂ ਦੇ ਕਾਰਣ ਸਾਲਾਂ ਬੱਧੀ ਕਲਪਦਿਆਂ, ਸਿਸਕਦਿਆਂ ਅਤੇ ਘੁੱਟ-ਘੁੱਟ ਕੇ ਮਰਦਿਆਂ ਵੇਖਿਆ ਸੀ। ਬਸ, ਮੈਨੂੰ ਮੇਰਾ ਭਵਿੱਖ ਅੰਧਕਾਰਮਈ ਜਾਪਿਆ ਸੀ। ਮੈਂ ਚਾਹੁੰਦਿਆਂ ਹੋਇਆ ਵੀ ਤੇਰੇ ਪ੍ਰਸਤਾਪ ਨੂੰ ਪ੍ਰਵਾਨਗੀ ਨਾ ਦੇ ਸਕੀ, ਨਾ ਹੀ ਤੇਰੇ ਨਾਲ ਖੁਲ੍ਹ ਕੇ ਗੱਲ ਕਰ ਸਕੀ।"

ਦਿਵੇਸ਼ ਦੀ ਸੋਚ ਕੋਈ ਰਾਹ ਲੱਭਣ ਲੱਗੀ। ਉਸ ਦੀ ਤੋਰ ਹੌਲੀ ਹੋ ਗਈ। ਉਸ ਨੇ ਦੌਣ ਘੁਮਾ ਕੇ ਸ਼ਾਲਿਨੀ ਦੇ ਚਿਹਰੇ ਉੱਤੇ ਨਜ਼ਰ ਟਿਕਾਉਣ ਦੀ ਕੋਸ਼ਿਸ਼ ਕੀਤੀ। ਸੜਕ ਉੱਤੇ ਘੋਰ-ਹਨੇਰੇ ਦਾ ਰਾਜ ਪਸਰਿਆ ਹੋਇਆ ਸੀ। ਚੰਦਰਮਾ ਦੀ ਰੋਸ਼ਨੀ ਵੀ ਬਹੁਤ ਘੱਟ ਸੀ। ਸੜਕ ਦੋਹੀਂ-ਪਾਸੀਂ ਦਰੱਖ਼ਤ ਹੋਣ ਸਦਕਾ ਚੰਦਰਮਾ ਦੀ ਚਾਨਣੀ ਵੀ ਸਿੱਧੀ ਨਹੀਂ ਆ ਪੈ ਰਹੀ। ਸ਼ਾਲਿਨੀ ਕੁਝ ਸੋਚਾਂ 'ਚ ਪੀ ਹੋਈ ਉਸ ਦੇ ਨਾਲ ਚੱਲ ਰਹੀ ਸੀ। ਉਨ੍ਹਾਂ ਪਲਾਂ 'ਚ ਉਹ ਉੱਥੇ ਸੀ... ਸ਼ਾਇਦ ਨਹੀਂ ਸੀ।

ਦਿਵੇਸ਼ ਨੇ ਸਰਗੋਸ਼ੀ ਭਰੀ ਆਵਾਜ਼ 'ਚ ਆਖਿਆ-

"ਸ਼ਾਲਿਨੀ.... ਤੇਰੀ ਉਸ ਸ਼ੱਕ ਦਾ ਹੱਲ ਅੱਜ ਮੈਂ ਖ਼ੁਦ ਹਾਂ। ਅੱਜ ਵੀ ਤੇਰੇ ਪ੍ਰਤੀ ਉਹੋ ਭਾਵਨਾਵਾਂ ਰੱਖਦਾ ਹਾਂ। ਤੂੰ ਅਗਰ ਚਾਹੇਂ ਤਾਂ ਅਸੀਂ ਧਰਤੀ-ਆਕਾਸ਼ ਵਾਂਗ ਮਿਲ ਕੇ ਦੁਮੇਲ ਬਣ ਸਕਦੇ ਹਾਂ। ਆਪਣੀਆਂ ਚਾਹਤਾਂ ਤੇ ਪਸੰਦਾਂ ਨੂੰ ਇੱਕ ਕਰ ਸਕਦੇ ਹਾਂ।"

ਸ਼ਾਲਿਨੀ ਦੇ ਮਨ ਦੀ ਵੀਣਾਂ ਦੀਆਂ ਤਾਰਾਂ ਜਿਵੇਂ ਇੱਕਦਮ ਛਣਕ ਪਈਆਂ ਹੋਣ। ਉਸ ਦਾ ਸਾਰ ਸਰੀਰ ਕੰਬ-ਕੰਬਾਉਣ ਲੱਗ ਪਿਆ। ਮੱਥੇ ਅਤੇ ਪੁੜਪੁੜੀਆਂ ਖ਼ੂਨ ਦੇ ਤੇਜ਼ ਵਹਾਓ ਸਦਕਾ ਚਮਕਣ ਲੱਗੇ। ਪਰ ਸੁਚੇਤ ਮਨ ਨੇ ਇੱਕ ਸਵਾਲ ਕਰਨ ਦਾ ਢੁਕਵਾਂ ਮੌਕਾ ਸਮਝਿਆ, "ਪਰ ਮੈਂ ਇਤਨੀ ਬੇਡੌਲ ਹੋ ਚੁੱਕੀ ਹਾਂ, ਉਸ ਤੇ ਇਕ ਧੀ ਦੀ ਜ਼ਿੰਮੇਵਾਰੀ, ਤੇਰਾ ਏਡਾ ਵੱਡਾ ਆਹੁਦਾ। ਦਿਵੇਸ਼... ਕਿਉਂ ਮਖੌਲ ਕਰਦਾ ਹੈਂ?" ਸ਼ਾਲਿਨੀ ਨੂੰ ਇਹ ਯਕੀਨ ਹੀ ਨਹੀਂ ਸੀ ਹੋ ਰਿਹਾ ਕਿ ਦਿਵੇਸ਼ ਉਸ ਨੂੰ ਅੱਜ ਵੀ ਏਨੇ ਸਾਲਾਂ ਤੋਂ ਮਗਰੋਂ ਵੀ ਉਸੇ ਤਰ੍ਹਾਂ ਚਾਹ ਸਕਦਾ ਹੈ।

ਦਿਵੇਸ਼ ਨੇ ਗੰਭੀਰਤਾ ਨਾਲ ਉਤਰ ਦਿੱਤਾ, "ਤੂੰ ਮੇਰਾ ਪ੍ਰਵਾਨਿਤ ਪਰਸ਼ਨ' ਸੈਂ, ਅਤੇ ਹੁਣ ਵੀ ਹੈਂ। ਤੇਰੇ ਮੇਰੇ ਸੰਬੰਧਾਂ ਵਿਚਕਾਰ ਹੁਣ ਕੋਈ ਰੁਕਾਵਟ ਨਹੀਂ ਹੈ, ਫਿਰ ਵੀ ਮੈਂ ਤੈਨੂੰ ਕਦੇ ਵੀ ਸਰੀਰਕ ਪੱਖੋਂ ਨਹੀਂ ਤੋਲਿਆ। ਸਰੀਰਕ ਪਰਿਵਰਤਨ ਪਿਆਰ ਦੇ ਸੱਚੇ ਸੰਦਰਭਾਂ ਵਿੱਚ ਕੋਈ ਅਰਥ ਨਹੀਂ ਰੱਖਦੇ। ਤੂੰ ਜਿਹੜੀ ਜ਼ਿੰਮੇਵਾਰੀ ਦੀ ਗੱਲ ਕਰ ਰਹੀ ਹੈਂ, ਇਸ ਬਾਰੇ ਮੈਂ ਸਾਫ਼ ਕਹਿ ਦਿਆਂ ਕਿ ਜ਼ਿੰਮੇਵਾਰੀ ਕਿਸੇ ਇੱਕ ਦੀ ਨਹੀਂ ਹੁੰਦੀ, ਦੋਹਾਂ ਦੀ ਹੁੰਦੀ ਹੈ। ਇੱਕ ਪਾਲੀ-ਪੋਸੀ ਸਮਝਦਾਰ ਬੇਟੀ ਜ਼ਿੰਮੇਦਾਰੀ ਨਹੀਂ, ਬੇਟੀ ਹੋਵੇਗੀ, ਸਾਡੀ ਬੇਟੀ... ਸਾਡੀ ਆਪਣੀ....। ਇਸ ਤੋਂ ਇਲਾਵਾ ਪਿਆਰ ਅਤੇ ਰਿਸ਼ਤਿਆਂ ਦੇ ਵਿਚਕਾਰ ਕਦੇ ਅਹੁਦਾ ਅਤੇ ਵਿਅਕਤੀਤਵ ਦੀ ਮਹੱਤਤਾ ਅੜਿਕਾ ਨਹੀਂ ਬਣਦੀ। ਜੇਕਰ ਇਨ੍ਹਾਂ ਰਿਸ਼ਤਿਆਂ ਦੇ ਵਿਚਕਾਰ ਕੁਝ ਆ ਸਕਦਾ ਹੈ ਤਾਂ ਉਹ ਹੈ ਭਾਵਨਾ ਅਤੇ ਆਪਣਾਪਣ।"

"ਇਹ ਵੀ ਨਹੀਂ ਕਿ ਮੈਨੂੰ ਵਿਆਹ ਦੇ ਪ੍ਰਸਤਾਵ ਨਹੀਂ ਆਏ... ਬਲਕਿ ਕਾਫੀ ਆਏ। ਪਰ ਮੈਂ ਪ੍ਰਵਾਨ ਉਹੋ ਹੀ ਕਰ ਸਕਦਾ ਸੀ, ਜਿੱਥੇ ਪਾਤਰ ਮੇਰੀ ਪਸੰਦ ਦਾ ਹੋਵੇ ਅਤੇ ਮੇਰੀ ਰੁੱਚੀ ਦੀ ਕਸੌਟੀ ਉੱਤੇ ਖਰਾ ਉੱਤਰਦਾ ਹੋਵੇ। ਸਿਆਣੇ ਕਹਿੰਦੇ ਨੇ ਨਾ ਸ਼ੇਰ ਮਰਦਾ ਮਰ ਜਾਵੇ, ਪਰ ਘਾਹ ਨਹੀਂ ਖਾਂਦਾ। ਆਪਣੀ ਪਸੰਦ ਦੇ ਪੱਧਰ ਤੇ ਸਮਝੌਤੇ ਦਾ ਕੋਈ ਵਿਚਾਰ ਕਦੇ ਮੇਰੇ ਮਨ ਵਿੱਚ ਨਹੀਂ ਆਇਆ। ਅੱਜ ਮੇਰੀ ਪਸੰਦ ਮੇਰੇ ਸਾਹਮਣੇ ਹੈ। ਜੇਕਰ ਅੱਜ ਵੀ ਇਹਨਾਂ ਸੰਦਰਭਾਂ ਵਿੱਚ ਕਿਤੇ ਕੋਈ ਰੁਕਾਵਟ ਹੁੰਦੀ ਤਾਂ ਸਾਇਦ ਮੈਂ ਇਹ ਸਵਾਲ ਹੀ ਨਾ ਕਰਦਾ, ਪਰ ਇੱਥੇ ਤਾਂ ਸੰਭਾਵਨਾਵਾਂ ਦੇ ਬੂਹੇ ਕੁੱਲ੍ਹੇ ਹੋਏ ਹਨ। ਹੁਣ ਫੈਸਲਾ ਕਰਨਾ ਤੇਰਾ ਕੰਮ ਹੈ।"

ਸ਼ਾਲਿਨੀ ਬੜੇ ਧਿਆਨ ਨਾਲ ਗੱਲਾਂ ਨੂੰ ਸੁਣਦੀ ਹੋਈ ਤੁਰ ਰਹੀ ਸੀ। ਉਸ ਨੂੰ ਦਿਵੇਸ਼ ਦੇ ਨਾਲ ਘੁੰਮਣਾ ਸਾਰਥਕ ਜਾਪ ਰਿਹਾ ਸੀ। ਉਹ ਦਿਲ ਹੀ ਦਿਲ ਚਾਹੁੰਦੀ ਸੀ ਕਿ ਦਿਵੇਸ਼ ਏਸੇ ਤਰ੍ਹਾਂ ਗੱਲਾਂ ਕਰਦਾ ਰਹੇ ਅਤੇ ਉਹ ਸੁਣਦੀ ਰਹੇ। ਉਸ ਦਾ ਮਨ ਸਕੂਨ ਗ੍ਰਹਿਣ ਕਰਦਾ ਹੋਇਆ ਨਦੀ ਦੀ ਤਰ੍ਹਾਂ ਨਵੇਂ ਵਹਿਣਾਂ 'ਚ ਵਹਿੰਦਾ ਰਹੇ ਅਤੇ ਸਮੇਂ ਦਾ ਗੇੜ ਇੱਥੇ ਹੀ ਖਲੋ ਜਾਵੇ। ਪਰੰਤੂ ਉਸ ਦੀ ਸਾਰੀ ਸੋਚ ਕਾਲਪਨਿਕ ਹੀ ਰਹੀ। ਯਥਾਰਥ ਵਿੱਚ ਭਲਾ ਇਸ ਤਰ੍ਹਾਂ ਕਦੋਂ ਹੁੰਦਾ? ਫਿਰ ਦਿਵੇਸ਼ ਨੇ 'ਫੈਸਲਾ ਕਰਨਾ ਤੇਰਾ ਕੰਮ ਹੈ' ਆਖ ਕੇ ਗੇਂਦ ਨੂੰ ਸ਼ਾਲਿਨੀ ਦੇ ਪਾਸੇ ਕਰ ਦਿੱਤਾ ਸੀ। ਸ਼ਾਲਿਨੀ ਦਾ ਮਨ ਕੀਤਾ ਕਿ ਉਹ ਦਿਵੇਸ਼ ਦੇ ਗਲੇ ਵਿੱਚ ਬਾਹਾਂ ਪਾ ਕੇ ਲਮਕ ਜਾਵੇ ਅਤੇ ਆਖ ਦੇਵੇ 'ਲਓ ਹੋ ਗਿਆ ਫੈਸਲਾ' ਜਾਂ ਫਿਰ ਦਿਵੇਸ਼ ਦਾ ਹੱਥ ਫੜੇ ਅਤੇ ਠੰਡੀਆਂ ਹੁੰਦੀਆਂ ਜਾ ਰਹੀਆਂ ਆਪਣੀਆਂ ਉਂਗਲੀਆਂ ਨੂੰ ਦਿਵੇਸ਼ ਦੀਆਂ ਗਰਮ ਉਂਗਲੀਆਂ ਦੇ ਵਿੱਚ ਫ਼ਸਾ ਲਵੇ। ਦਿਵੇਸ਼ ਦੀਆਂ ਬਾਹਾਂ ਤਦ ਉਸ ਨੂੰ ਜ਼ਰੂਰ ਹੀ ਆਪਣੇ ਵਿੱਚ ਲੈ ਲੈਣਗੀਆਂ। ਉਸ ਨੂੰ ਜਾਪਿਆ



ਕਿ ਉਹ ਕਹਿ ਦੇਵੇ ਕਿ ... ਦਿਵੇਸ਼... ਜੋ ਕਈ ਸਾਲ ਪਹਿਲਾਂ ਮੈਨੂੰ ਕਹਿ ਦੇਣਾ ਚਾਹੀਦਾ ਸੀ ਅਤੇ ਆਪਣੀ ਦੱਬੀ-ਨੱਪੀ ਸੋਚ ਹੋਣ ਸਦਕਾ ਨਾ ਕਹਿ ਸਕੀ, ਅੱਜ ਕਹਿ ਦੇਣਾ ਚਾਹੁੰਦੀ ਹਾਂ, ਉਹ ਇਹ ਕਿ ਸਾਡੇ ਦਰਮਿਆਨੋਂ ਜੋ ਵਕਤ ਗੁਜ਼ਰ ਗਿਆ ਹੈ, ਉਹ ਸਮਾਂ ਕਦੇ ਹੈ ਹੀ ਨਹੀਂ ਸੀ। ਫਿਰ ਉਹ ਆਪਣੀ ਇਸ ਬਚਕਾਨੀ ਸੋਚ ਉੱਤੇ ਖ਼ੁਦ ਹੀ ਹੱਸ ਪਈ।

ਸਮਾਂ ਕਾਫ਼ੀ ਹੋ ਚੁੱਕਾ ਸੀ ਅਤੇ ਦੂਜੇ ਦਿਨ, ਲੰਚ ਦਾ ਸਮਾਂ, ਫੈਸਲੇ ਨੂੰ ਅੰਤਿਮ ਛੋਹਾਂ ਦੇਣ ਲਈ ਸੁਰੱਖਿਅਤ ਮਿਥਿਆ ਗਿਆ।

ਦਿਵੇਸ਼ ਦੇ ਚਲੇ ਜਾਣ ਮਗਰੋਂ ਸ਼ਾਲਿਨੀ ਆਪਣੇ ਬਿਸਤਰੇ ਉੱਤੇ ਪੈ ਗਈ, ਬਿਨਾਂ ਪਾਸਾ ਪਰਤਿਆਂ ਸੋਚਦੀ ਰਹੀ ਅਤੇ ਫੈਸਲੇ-ਨਾ-ਫੈਸਲੇ ਦੇ ਸੰਘਰਸ਼ ਵਿੱਚ ਵਿਚਰਨ ਲੱਗੀ। ਉਸ ਨੇ ਆਪਣੀ ਜ਼ਿੰਦਗੀ ਦੇ ਖੁਲ੍ਹਣ ਵਾਲੇ ਮਾਰਗ ਉੱਤੇ ਚਮਕਦੀ ਹੋਈ ਰੋਸ਼ਨੀ ਨੂੰ ਵੇਖਿਆ। ਨੀਰਸ ਹੋ ਗਈ, ਤੱਕੀ ਹੋਈ ਦਿਹਾੜੀ ਭਰ ਵਿੱਚ ਨਦੀ ਦੇ ਵਗਦੇ ਹੋਏ ਵਹਿਣ ਨੂੰ ਮਹਿਸੂਸ ਕੀਤਾ ਅਤੇ ਅਨੁਭਵ ਕੀਤਾ ਕਿ ਉਸ ਦੇ ਰਿਸ਼ਤਿਆਂ ਦੀ ਬੇੜੀ ਚਪੂ ਦੇ ਸਹਾਰੇ ਅੱਗੇ ਵੱਧਦੀ ਜਾ ਰਹੀ ਹੈ।

ਜੇਕਰ ਉਹ ਦਿਵੇਸ਼ ਦੀ ਹੀ ਹੋ ਜਾਂਦੀ ਹੈ ਤਾਂ ਜ਼ਿੰਦਗੀ ਵਿੱਚ ਆਈ ਹੋਈ ਖੜੋਤ ਵਿੱਚ ਮੁੜ ਰਵਾਨਗੀ ਆ ਜਾਵੇਗੀ। ਕਈ ਵਾਰ ਬਦਲਦੇ ਮੌਸਮਾਂ ਵਿੱਚ ਉਹ ਉਦਾਸ ਹੋਈ ਹੈ, ਇਕੱਲੇਪਣ ਦਾ ਅਹਿਸਾਸ ਉਸ ਉੱਤੇ ਹਾਵੀ ਹੁੰਦਾ ਰਿਹਾ ਹੈ। ਬਸੰਦ-ਬਹਾਰ ਦੀਆਂ ਰੁੱਤਾਂ ਦੀਆਂ ਰਾਤਾਂ ਤਾਂ ਉਸ ਨੇ ਰੋਣਿਆਂ-ਧੋਣਿਆਂ ਵਿੱਚ ਹੀ ਗੁਜ਼ਾਰ ਦਿੱਤੀਆਂ ਹਨ। ਗਰਮੀ ਦੇ ਹੁੰਮਸ ਭਰੀਆਂ ਸ਼ਾਮਾਂ ਵਿੱਚ ਉਹ ਹਰ ਸਾਲ ਕਈ ਕਈ ਦਿਨ ਤੱਕ, ਵਿੱਚ ਘਿਰੀ ਰਹੀ ਹੈ।

ਉਹ ਬਰਫ਼ ਵਾਂਗ ਪਿਘਲਣ ਲੱਗੀ, ਨਦੀ ਵਾਂਗ ਵਹਿ ਜਾਣ ਲਈ, ਮੱਖਣ ਵਾਂਗ ਮੁਲਾਇਮ ਹੋਣ ਵਾਸਤੇ, ਕਿੰਨੀ ਤਰਸੇਵੇਂ ਵਿੱਚ ਹੈ। ਪਰ ਕਦੀ ਵੀ ਉਲਾਰ ਨਹੀਂ ਹੋਈ। ਅੱਜ ਦਿਵੇਸ਼ ਦਾ ਪ੍ਰਸਤਾਵ ਉਸ ਨੂੰ ਕਿੰਨਾ ਪਿਘਲਾ ਗਿਆ ਹੈ। ਉਸ ਦਾ ਜੀਅ ਕਰਨ ਲੱਗਾ ਕਿ ਉਸ ਦੇ ਕਿਤੇ ਖੰਭ ਹੁੰਦੇ ਤਾਂ ਉਹ ਬਾਹਰ ਨਿਸਤੇਜ ਚਾਨਣੀ ਵਿੱਚ ਉਡਾਰੀਆਂ ਭਰਦੀ ਅਤੇ ਉਦੋਂ ਤੱਕ ਉੱਡਦੀ ਰਹਿੰਦੀ, ਜਦੋਂ ਤੱਕ ਉਸ ਦੇ ਖੰਭ ਤੱਕ ਨਾ ਜਾਂਦੇ।

ਸੌਣ ਤੋਂ ਪਹਿਲਾਂ ਉਸ ਨੂੰ ਬੇਟੀ ਨੇ ਵੀ ਆਖਿਆ ਸੀ, "ਅੰਕਲ ਕਿੰਨਾ ਚੰਗਾ ਏ? ਮੰਮੀ ਤੁਸੀਂ ਪਹਿਲਾਂ ਕਦੇ ਨਹੀਂ ਮਿਲਵਾਇਆ।" ਉਹ ਤਾਂ ਦਿਵੇਸ਼ ਦੇ ਬਾਰੇ ਹੋਰ ਵੀ ਜਾਣਨਾ ਚਾਹੁੰਦੀ ਸੀ ਪਰ ਸ਼ਾਲਿਨੀ ਹੀ ਟਾਲ ਗਈ।

ਉਹ ਦਿਵੇਸ਼ ਦਾ ਪ੍ਰਵਾਨਿਤ ਪ੍ਰਸ਼ਨ ਹੈ, ਜਿਸ ਨੂੰ ਨਾ ਸਮਝ ਕਿ ਕਿੰਨੀਆਂ ਕੁੜੀਆਂ ਚਾਹੁੰਦੀਆਂ ਰਹੀਆਂ ਹਨ। ਉਹੋ ਹੀ ਉਸ ਦੀ ਇੱਕ ਹਾਂ ਕਰਨ ਦੇ ਉਸ ਦਾ ਹੋ ਸਕਦਾ ਹੈ, ਉਸ ਦੀ ਜ਼ਿੰਦਗੀ ਵਿੱਚ ਬਹਾਰ ਭਰ ਸਕਦਾ ਹੈ। ਸੱਚ ਤਾਂ ਇਹ ਹੈ ਕਿ ਉਹ ਕੁਦ ਵੀ ਤਾਂ ਉਸ ਨੂੰ ਕਈ ਵੇਰ ਯਾਦ ਕਰਦੀ ਰਹੀ ਹੈ। ਉਹੀ ਦਿਵੇਸ਼ ਉਸ ਵਾਸਤੇ ਬਹਾਰ ਦਾ ਸੁਨੇਹਾ ਲੈ ਕੇ ਆਇਆ ਹੈ।

ਸ਼ਾਲਿਨੀ ਸੋਚਣ ਲਈ ਮਜ਼ਬੂਰ ਹੋ ਗਈ ਕਿ ਉਸਨੇ ਤਲਾਕ ਤੋਂ ਮਗਰੋਂ ਆਪਣੇ ਆਪ ਨੂੰ ਘਰ ਅਤੇ ਕਾਲਜ ਤੱਕ ਹੀ ਸੀਮਿਤ ਰੱਖ ਕੇ ਖ਼ੁਦ ਆਪਣੇ ਆਪ ਨਾਲ ਹੀ ਅਨਿਆ ਕੀਤਾ ਹੈ। ਉਸ ਨੇ ਆਪਣੀ ਹਾਲਤ ਨੂੰ ਨਾਰੀ ਜਾਤੀ ਦੀ ਵਿਡੰਬਨਾ ਮੰਨ ਕੇ ਪ੍ਰਵਾਨ ਕਰ ਲਿਆ ਸੀ। ਉਸ ਨੂੰ ਆਪਣੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਸੀ। ਜੇਕਰ ਉਹ ਆਪ ਹੀ ਆਪਣੇ ਅਧਿਕਾਰ ਪ੍ਰਤੀ ਸੁਚੇਤ ਨਹੀਂ ਹੋਵੇਗੀ ਤਾਂ ਕੀ ਬਾਹਰੋਂ ਕੋਈ ਪ੍ਰਸ਼ਾਦ ਵਾਂਗ ਅਧਿਕਾਰ ਨੂੰ ਉਸ ਦੀ ਥਾਲੀ ਵਿੱਚ ਧਰਨ ਆਵੇਗਾ। ਨਾਰੀ ਜਾਤ ਕਿਉਂ ਕਿਸੇ ਵੀ ਘਟਨਾ ਨਾਲ ਏਨੀ ਡੂੰਘਾਣ ਤੱਕ ਜੁੜ ਕੇ ਰਹਿ ਜਾਂਦੀ ਹੈ? ਉਹ ਸੰਭਾਵਨਾਵਾਂ ਵੱਲ ਵਧਣ ਦਾ ਯਤਨ ਕਿਉਂ ਨਹੀਂ ਕਰਦੀ? ਆਪਣੇ

ਲਈ ਜ਼ਿੰਦਗੀ ਦਾ ਆਪ ਮਾਰਗ ਕਿਉਂ ਨਹੀਂ ਬਣਾਉਂਦੀ? ਉਹਨੂੰ ਦਿਵੇਸ਼ ਦੇ ਪ੍ਰਸਤਾਵ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਉਹ ਸੋਚਣ ਲੱਗੀ ਕਿ ਕੱਲ੍ਹ ਦਿਵੇਸ਼ ਨਾਲ ਇਹ ਸਭ ਗੱਲ-ਬਾਤ ਕਿਵੇਂ ਕਰੇਗੀ। ਉਹ ਕੱਲ੍ਹ ਕਿਹੜੀ ਸਾੜ੍ਹੀ ਪਾ ਕੇ ਜਾਵੇਗੀ? ਕੀ ਉਹ... ਉਹ ਆਪਣੀ ਧੀ ਨੂੰ ਸਾਰੀ ਗੱਲ ਦੱਸੇਗੀ?

ਸ਼ਾਲਿਨੀ ਨੂੰ ਜਾਪਣ ਲੱਗਾ ਕਿ ਆਪਣੀ ਇਸ ਹਾਲਤ ਦੀ ਉਹ ਆਪ ਜ਼ਿੰਮੇਵਾਰ ਹੈ। ਧੀ ਦਾ ਪਾਲਣ-ਪੋਸ਼ਣ, ਦੇਖ-ਭਾਲ ਤੇ ਸੁਰੱਖਿਆ ਦਾ ਸਵਾਲ, ਮਰਿਯਾਦਾ ਬਾਰੇ ਸੋਚ-ਸੋਚ, ਇਹ ਸਭ ਕੁਝ ਉਸ ਦੇ ਸਾਹਮਣੇ ਇੱਕ ਚੱਕਰ ਵਾਂਗ ਲਹਿ-ਲਹਿਰਾਉਣ ਲੱਗਾ ਸੀ, ਜਿਸ ਦੇ ਸਨਮੁਖ ਉਹ ਆਪਣੇ ਆਪ ਨੂੰ ਹੀ ਭੁੱਲ ਗਈ ਸੀ ਉਹ ਭੁੱਲ ਗਈ ਸੀ ਕਿ ਉਹ ਵੀ ਕੁਝ ਹੈ। ਅੱਜ ਸਾਰੀਆਂ ਸੋਚਾਂ ਨੂੰ ਕਲਾਵੇ ਵਿੱਚ ਲੈ ਕੇ ਉਹ ਸਮਝ ਰਹੀ ਹੈ ਕਿ ਇਨ੍ਹਾਂ ਸਭਨਾਂ ਦੇ ਵਿਚਕਾਰ ਕਿਤੇ ਸ਼ਾਲਿਨੀ ਵੀ ਹੈ ਜਿਸ ਦੇ ਜੀਵਨ ਦੇ ਲਈ ਉਸ ਨੂੰ ਕਦੇ ਸੋਚਣਾ ਚਾਹਿਆ ਸੀ। ਜ਼ਿੰਦਗੀ ਤਾਂ ਹਰ ਹਾਲਤ ਵਿੱਚ ਭਾਵੇਂ ਗੁਜ਼ਰਦੀ ਹੀ ਰਹਿੰਦੀ ਹੈ। ਇਹ ਤਾਂ ਇੱਕ ਵਾਹਨ ਦੀ ਤਰ੍ਹਾਂ ਹੁੰਦੀ ਹੈ। ਇਸ ਨੂੰ ਭਾਵੇਂ ਸਿੱਧਿਆਂ ਹੀ ਸੜਕ ਤੇ ਚਲਾ ਲਈਏ ਜਾਂ ਪਥਰੀਲੇ ਰਾਹਾਂ ਤੇ ਪਰ ਸਾਰਾ ਕੁਝ ਨਿਰਭਰ ਕਰਦਾ ਹੈ ਗੱਡੀ ਵਿੱਚ ਸਟੇਅਰਿੰਗ ਫੜ ਕੇ ਬੈਠੇ ਡਰਾਈਵਰ ਉੱਤੇ। ਪਰ ਉਸ ਨੇ ਤਾਂ ਕਦੇ ਆਪਣੇ ਜੀਵਨ ਨੂੰ ਦੇਖ ਕੇ ਵੀ ਨਹੀਂ ਵੇਖਿਆ। ਉਹ ਹੁਣ ਵੇਖੇਗੀ... ਜ਼ਰੂਰ ਵੇਖੇਗੀ.... ਆਪਣੀ ਜ਼ਿੰਦਗੀ ਦੇ ਬਾਰੇ ਉਸ ਨੂੰ ਹੁਣ ਸੋਚਣਾ ਹੀ ਪਵੇਗਾ। ਉਹ ਸੋਚੇ ਵੀ ਕਿਉਂ ਨਾ, ਉਸ ਦੀ ਜ਼ਿੰਦਗੀ ਸਭ ਤੋਂ ਪਹਿਲਾਂ ਉਸ ਦੀ ਆਪਣੀ ਹੈ, ਫਿਰ ਕਿਸੇ ਹੋਰ ਦੀ, ਉਹ ਵੀ ਕਿਸੇ ਦੇ ਚਾਹੁਣ ਤੇ ਨਹੀਂ.... ਤੇ ਨਹੀਂ.... ਬਿਲਕੁਲ ਨਹੀਂ.... ਕਦੇ ਵੀ ਨਹੀਂ।

ਇਧਰ ਸ਼ਾਲਿਨੀ ਨੂੰ ਕੁਝ ਤਸੱਲੀ ਹੋਣ ਲੱਗੀ, ਓਧਰ ਉਸ ਦੀ ਸੋਚ ਅੰਗੜਾਈਆਂ ਲੈਣ ਲੱਗ ਪਈ। ਜਿਸ ਤਰ੍ਹਾਂ ਦਿਨ ਤੇ ਰਾਤ ਬਦਲਦੇ ਹਨ। ਮੌਸਮ ਦੇ ਬਦਲਣ ਦੇ ਨਾਲ ਹੀ ਫੁੱਲ ਅਤੇ ਪੱਤੀਆਂ ਵੀ ਬਦਲ ਜਾਂਦੀਆਂ ਹਨ, ਉਸੇ ਤਰ੍ਹਾਂ ਵਿਅਕਤੀ ਦੀ ਸੋਚ ਅਤੇ ਵਿਚਾਰ ਵੀ ਬਦਲਣ ਲੱਗਦੇ ਹਨ। ਸ਼ਾਲਿਨੀ ਵੀ ਇਸ ਦਾ ਅਪਵਾਦ ਨਹੀਂ ਸੀ। ਦਿਵੇਸ਼ ਨੇ ਉਹਨੂੰ ਪਸੰਦ ਕੀਤਾ ਹੈ... ਬਹੁਤੀਆਂ ਵਿੱਚੋਂ ਉਸ ਨੂੰ ਚੁਣਿਆ ਹੈ। ਦਿਵੇਸ਼ ਦੇ ਮਨ-ਮਸਤਿਕ ਉੱਤੇ ਜ਼ਰੂਰ ਹੀ ਉਸ ਦਾ ਕੋਈ ਕਾਲਪਨਿਕ ਚਿਤਰ ਰਿਹਾ ਹੋਵੇਗਾ, ਜਿਸ ਨੂੰ ਉਹ ਹੁਣ ਤੱਕ ਸੀਨੇ ਨਾਲ ਲਗਾ ਕੇ ਘੁੰਮ ਰਿਹਾ ਹੈ। ਉਹ ਵੀ ਤਾਂ ਹੋਰਨਾਂ ਦੇ ਵਾਂਗ ਸਾਧਾਰਣ ਨਾਰੀ ਹੈ। ਇਸ ਤਰ੍ਹਾਂ ਦਾ ਵੀ ਕੀ ਹੈ ਉਸ ਵਿੱਚ, ਜਿਸ ਨੇ ਉਸ ਨੂੰ ਦਿਵੇਸ਼ ਦੀ ਸੋਚਤ ਵਿੱਚ ਸਥਾਪਿਤ ਕਰ ਦਿੱਤਾ ਹੈ।

ਜੇਕਰ ਅੱਜ ਉਹ ਦਿਵੇਸ਼ ਨੂੰ ਪ੍ਰਵਾਨਗੀ ਦੇ ਦੇਂਦੀ ਹੈ ਤਾਂ ਉਸ ਦੇ ਨਾਲ ਰਹਿਣ ਸਦਕਾ ਜ਼ਿੰਦਗੀ ਵਿੱਚ ਜੋ ਉਤਾਰ-ਚੜ੍ਹਾਅ ਆਉਣੇ ਹਨ, ਉਹ ਤਾਂ ਆਉਣਗੇ ਹੀ। ਦਿਵੇਸ਼ ਨੇ ਉਹਦਾ ਜੋ ਚਿੱਤਰ ਆਪਣੇ ਜ਼ਿਹਨ ਵਿੱਚ ਸੰਜੋਇਆ ਹੋਇਆ ਹੈ ਜੇਕਰ ਉਸ ਤਰ੍ਹਾਂ ਦਾ ਨਾ ਹੋਇਆ ਤਾਂ ਉਹ ਦਿਵੇਸ਼ ਦੀਆਂ ਨਜ਼ਰਾਂ ਵਿੱਚ ਛੋਟੀ ਹੋ ਜਾਵੇਗੀ। ਇਕਸਾਰ ਜੀਵਨ ਵਿੱਚ ਊਚ-ਨੀਚ ਚੰਗਾ-ਮੰਦਾ, ਆਉਣਾ-ਵਾਪਰਨਾ ਇੱਕ ਸੁਭਾਵਿਕ ਕਿਰਿਆ ਹੈ। ਉਸ ਦੇ ਜੀਵਨ ਵਿੱਚ ਵੀ ਇਹ ਸਭ ਕੁਝ ਵਾਪਰੇਗੀ ਹੀ। ਜੇਕਰ ਇਹੋ ਕੁਝ ਹੋਇਆ ਤਾਂ ਉਸ ਦਿਨ ਸ਼ਾਲਿਨੀ ਦਾ ਉਹ ਚਿੱਤਰ ਜੋ ਦਿਵੇਸ਼ ਦੇ ਵਿਚਾਰਾਂ ਅਤੇ ਭਾਵਨਾਵਾਂ ਵਿੱਚ ਉਸਰਿਆ ਹੋਇਆ ਹੈ, ਜ਼ਰੂਰ ਹੀ ਖੰਡਿਤ ਹੋ ਜਾਵੇਗੀ। ਜਦੋਂ ਅਤੇ ਜਿਸ ਦਿਨ ਇਹ ਵਾਪਰੇਗਾ, ਦਿਵੇਸ਼ ਨੂੰ ਸਦਮਾ ਪਹੁੰਚੇਗਾ। ਇਸ ਦੇ ਨਾਲ ਹੀ ਸ਼ਾਲਿਨੀ ਦੀ ਜ਼ਿੰਦਗੀ ਵੀ ਡਗਮਗਾਉਣ ਲੱਗ ਪਵੇਗੀ। "ਨਹੀਂ.... ਨਹੀਂ... ਉਹ ਆਪਣੇ ਕਾਲਪਨਿਕ ਚਿੱਤਰ ਦੇ ਭਰਮ ਨੂੰ ਕਿਸੇ ਕੀਮਤ ਤੇ ਟੁੱਟਣ ਨਹੀਂ ਦੇ ਸਕਦੀ।"



ਸੋਚ ਨੇ ਅੰਗੜਾਈ ਲਈ... "ਨਹੀਂ... ਨਹੀਂ.... ਇਹ ਭਰਮ ਨਹੀਂ ਟੁੱਟੇਗਾ। ਉਹ ਦਿਵੇਸ਼ ਦੇ ਮਨ-ਮਸਤਿਕ ਵਿੱਚ ਡੂੰਘਾਣਾਂ ਤੱਕ ਬੈਠ ਚੁੱਕੀ ਹੈ। ਮਰਦ ਕੋਈ ਵੀ ਕਿਉਂ ਨਾ ਹੋਵੇ, ਜੇਕਰ ਡੂੰਘਾਣਾਂ ਤੱਕ ਆਪਣੇ ਅਦੰਰ ਕਿਸੇ ਥਾਂ ਦੇਂਦਾ ਹੈ ਤਾਂ ਥੋੜ੍ਹੀ ਕੀਤਿਆਂ ਉਸ ਨੂੰ ਖੰਡਿਤ ਨਹੀਂ ਕੀਤਾ ਜਾ ਸਕਦਾ। ਇਹ ਨਾਰੀ ਦਾ ਸਮਰਪਣ ਹੀ ਹੈ ਜੋ ਉਸ ਨੂੰ ਮਰਦ ਦੇ ਹੋਰ ਨੇੜੇ ਕਰਦਾ ਜਾਂਦਾ ਹੈ। ਉਹ ਵੀ ਦਿਵੇਸ਼ ਨੂੰ ਕੀ ਸਾਲਾਂ ਤੋਂ ਚਾਹੁੰਦੀ ਰਹੀ ਹੈ। ਉਹ ਉਸ ਦੇ ਪਿਆਰ ਦਾ ਮਾਣ ਕਰਨਾ ਜਾਣਦੀ ਹੈ, ਆਦਰ ਕਰਨਾ ਜਾਣਦੀ ਹੈ। ਫਿਰ ਭਲਾ ਇਹੋ ਜਿਹੇ ਹਾਲਾਤ ਕਿਸ ਤਰ੍ਹਾਂ ਬਣ ਸਕਦੇ ਹਨ ਕਿ ਦਿਵੇਸ਼ ਦੇ ਮਨ ਵਿੱਚ ਉਸ ਦੀ ਛਵੀ ਬਾਬਤ ਕੋਈ ਬਦਲਾਵ ਆਏ? ਸਗੋਂ ਉਲਟਾ ਸਾਲਾਂ ਤੋਂ, ਉਸ ਦੀ ਚਾਹਤ ਨੂੰ ਆਪਣੇ ਅੰਦਰ ਵਸਾ ਲੈਣ ਵਾਲਾ ਦਿਵੇਸ਼ ਹੀ ਉਸ ਨੂੰ ਅਥਾਹ ਪਿਆਰ ਦੇ ਸਕਦਾ ਹੈ। ਇਹ ਉਹੋ ਹੀ ਮੰਜ਼ਿਲ ਹੈ। ਜਿਸ ਨੂੰ ਕਈ ਸਾਲਾਂ ਤੋਂ ਪਹਿਲਾਂ ਪਿੱਛੇ ਹੀ ਛੱਡ ਆਈ ਸੀ। ਹੁਣ ਉਸ ਨੂੰ ਆਪਣੀ ਮੰਜ਼ਿਲ ਨੂੰ ਆਪਣੀਆਂ ਅੱਖਾਂ ਦੇ ਅੱਗੋਂ ਗੁਆਚਣ ਨਹੀਂ ਦੇਣਾ। ਪਰੰਤੂ..... ਦਿਵੇਸ਼ ਨੇ ਏਨਾ ਲੰਮਾ ਅਰਸਾ ਆਪਣੀ ਪਸੰਦ ਨੂੰ ਪ੍ਰਾਪਤ ਨਾ ਕਰ ਸਕਣ ਦੇ ਕਾਰਣ ਗੁਜ਼ਾਰ ਦਿੱਤਾ ਹੈ। ਉਸ ਦੇ ਨਾਲ ਰਹਿੰਦਿਆਂ ਹੋਇਆਂ ਸ਼ਾਲਿਨੀ ਨੂੰ ਹਮੇਸ਼ਾ ਇਹੋ ਜਾਪਦਾ ਰਹੇਗਾ ਕਿ ਉਹ ਭਾਗ-ਸ਼ਾਲਿਨੀ ਔਰਤ ਹੈ ਜੋ ਦਿਵੇਸ਼ ਵਰਗੇ ਵਿਅਕਤੀ ਦਾ ਪ੍ਰਵਾਨਿਤ ਪ੍ਰਸ਼ਨ ਹੈ। ਜੇਕਰ ਉਹ ਉਸ ਨੂੰ ਪ੍ਰਵਾਨ ਨਹੀਂ ਕਰਦੀ ਤਾਂ ਦਿਵੇਸ਼ ਪਹਿਲਾਂ ਵਾਂਗ ਹੀ ਭਟਕਦਾ ਰਹੇਗਾ ਅਤੇ ਉਸ ਦਾ ਇਹ ਅਹਿਸਾਸ ਉਸ ਨੂੰ ਕਦੇ ਵੀ ਸਹਿਜ ਨਹੀਂ ਰਹਿਣ ਦੇਵੇਗਾ। ਜੇਕਰ ਅਸਾਵੀਂ ਅਵਸਥਾ ਵਿੱਚ ਉਹ ਦਿਵੇਸ਼ ਦੇ ਪ੍ਰਤੀਮਾਨਾਂ ਤੋਂ ਨੀਵੀਂ ਉਤਰੀ ਤਾਂ.....? ਉਸ ਦੇ ਸਨਮੁੱਖ ਢੇਰ ਸਾਰੇ ਪ੍ਰਸ਼ਨ ਚਿੰਨ੍ਹ ਉਭਰਦੇ ਰਹੇ।

ਬੰਦੇ ਦੀ ਸੋਚ ਵੀ ਅਜੀਬ ਹੈ, ਜਦੋਂ ਆਪਣੀ ਗਤੀ ਨਾਲ ਚਲਣ ਲੱਗਦੀ ਹੈ ਤਾਂ ਉਸ ਨੂੰ ਕਿਸੇ ਵੀ ਦਾਇਰੇ ਵਿੱਚ ਸੀਮਿਤ ਕਰ ਦੇਣਾ/ਲੈਣਾ ਮੁਸ਼ਕਿਲ ਹੁੰਦਾ ਹੈ। ਸ਼ਾਲਿਨੀ ਦੀ ਸੋਚ ਵੀ ਇਸ ਦਾ ਅਪਵਾਦ ਨਹੀਂ ਸੀ। ਸੁਰੱਖਿਆ ਦਾ ਡਰ ਉਸ ਦੀਆਂ ਨਸਾਂ ਨੂੰ ਉਤੇਜਿਤ ਕਰਨ ਲੱਗਾ। ਨਹੀਂ.... ਉਹ ਇਸ ਤਰ੍ਹਾਂ ਨਹੀਂ ਹੋਣ ਦੇਵੇਗੀ। ਉਹ ਅਪਾਣੀਆਂ ਇਸ ਮਨੋ-ਅਵਸਥਾ ਤੋਂ ਉਪਰ ਉੱਠਣ ਦਾ ਯਤਨ ਕਰਨ ਲੱਗੀ। ਇਸ ਸਭ ਕੁਝ ਦੇ ਦਰਮਿਆਨ, ਉਸ ਨੂੰ ਨੀਂਦ ਨੇ ਕਦੋਂ ਆ ਘੇਰਿਆ, ਉਸ ਨੂੰ ਕੋਈ ਪਤਾ ਹੀ ਨਹੀਂ ਲੱਗਾ, ਤੇ ਉਹ ਸੌਂ ਗਈ।

ਦੂਸਰੇ ਪਾਸੇ ਦਿਵੇਸ਼ ਚੜ੍ਹਦੀ ਕਲਾ ਵਿੱਚ ਸੀ। ਉਸ ਨੇ ਗੋਸ਼ਟੀ ਵਿੱਚ ਆਪਣੇ ਖੋਜ ਸਿੱਟੇ ਪੜ੍ਹਨ ਸਨ। ਸਾਰੀ ਤਿਆਰੀ ਪੂਰੀ ਕਰਕੇ ਉਹ ਬੇਫ਼ਿਕਰ ਭਾਵ ਨਾਲ ਆਪਣੇ ਬਿਸਤਰੇ ਤੇ ਲੰਮੈ ਪੈ ਗਿਆ। ਉਹ ਖੁਸ਼ ਸੀ। ਆਖਿਰ ਉਸ ਦਾ ਪ੍ਰਵਾਨਿਤ ਪ੍ਰਸ਼ਨ ਉਸ ਨੂੰ ਮਿਲ ਹੀ ਗਿਆ। ਏਨੇ ਸਾਲਾਂ ਬਾਅਦ ਉਹ ਆਪਣੇ ਆਪ ਨੂੰ ਜਿੱਤਿਆ ਹੋਇਆ ਮਹਿਸੂਸ ਕਰ ਰਿਹਾ ਸੀ, ਜਿਵੇਂ ਕਿ ਉਸ ਨੇ ਆਪਣੇ ਜੀਵਨ ਦੇ ਲਕਸ਼ ਨੂੰ ਪ੍ਰਾਪਤ ਕਰ ਲਿਆ ਹੋਵੇ। ਕਿੰਨੀ ਸ਼ਿੱਦਤ ਨਾਲ ਉਸ ਨੇ ਸ਼ਾਲਿਨੀ ਨੂੰ ਚਾਹਿਆ ਸੀ। ਇੱਕ ਤੋਂ ਵੱਧ ਇੱਕ ਲੜਕੀਆਂ ਉਸ ਦੇ ਲਈ ਹੋੜ ਲਗਾਈ ਰੱਖਦੀਆਂ ਸਨ। ਪਰ ਉਸ ਦੀ ਨਜ਼ਰ ਕਿਸੇ ਉੱਤੇ ਵੀ ਨਾ ਟਿਕੀ। ਉਹ ਆਪਣੇ ਵਾਸਤੇ ਆਪਣੀ ਕਲਪਨਾ ਦੇ ਅਨੁਰੂਪ ਲੜਕੀ ਚਾਹੁੰਦਾ ਸੀ, ਜਿਸ ਦੇ ਚਿਹਰੇ ਤੋਂ ਹੀ ਅਪਣਾਪਨ ਝਲਕਦਾ ਹੋਵੇ, ਜੋ ਜਦੋਂ ਵੀ ਉਸਦੇ ਸਾਹਮਣੇ ਆਏ ਤਾਂ ਉਸ ਦੇ ਮਨ ਵਿੱਚ ਉਸ ਨੂੰ ਪ੍ਰਾਪਤ ਕਰਨ ਦੀ ਚਾਹਤ ਪੱਬਾਂ ਭਾਰ ਹੋ ਉੱਠੇ, ਅਤੇ ਉਸ ਦੇ ਵਾਸਤੇ ਕੁਝ ਵੀ ਕਰਨ ਦੀ ਭਾਵਨਾ ਹਿਲੋਰੇ ਲੈਣ ਲੱਗੇ।

ਸ਼ਾਲਿਨੀ ਜਦੋਂ ਪਹਿਲੀ ਵਾਰ ਉਸ ਨੂੰ ਕਾਲਜ ਵਿੱਚ ਮਿਲੀ ਸੀ ਤਾਂ ਉਹ ਉਹਨੂੰ ਵੇਖਕੇ ਖੜ੍ਹਾ-ਖੜੋਤਾ ਹੀ ਰਹਿ ਗਿਆ ਸੀ। ਕੀ ਕੋਈ ਬੰਦਾ ਇਤਨੀ ਪੁਖਤਾ ਕਲਪਨਾ ਵੀ ਕਰਦਾ

ਸਕਦਾ ਹੈ? ਜਾਂ ਫਿਰ ਕੋਈ ਬੰਦਾ ਕਿਸੇ ਕਲਪਨਾ ਦੇ ਪੈਮਾਨੇ ਤੇ ਪਰਖਿਆਂ ਏਨਾ ਸਹੀ ਉਤਰ ਸਕਦਾ ਹੈ? ਸ਼ਾਲਿਨੀ ਹੂ-ਬ-ਹੂ ਇਹਦੀ ਕਲਪਨਾ ਦਾ ਸਮੂਰਤ ਰੂਪ ਸੀ। ਉਹ, ਉਸ ਦਿਨ ਨਾਲ ਕੋਈ ਗੱਲ ਵੀ ਨਹੀਂ ਸੀ ਕਰ ਸਕਿਆ। ਉਸ ਨੂੰ ਵੇਖਦਿਆਂ ਹੀ ਸ਼ਾਇਦ ਆਪਣੀ ਸੋਚ ਵਿੱਚ ਹੀ ਅਟਕ ਕੇ ਰਹਿ ਗਿਆ ਸੀ। ਘਰ ਆ ਕੇ ਉਸ ਨੂੰ ਆਪਣੇ-ਆਪ ਉੱਤੇ ਗੁੱਸਾ ਆਇਆ ਸੀ। ਉਹ ਗੱਲ ਕਿਉਂ ਨਹੀਂ ਕਰ ਸਕਿਆ? ਘੱਟੋ-ਘੱਟ ਉਸ ਦਾ ਨਾਂ ਤੇ ਪੁੱਛ ਲੈਣਾ ਚਾਹੀਦਾ ਸੀ। ਸ਼ਾਲਿਨੀ ਦੀ ਸ਼ਖਸੀਅਤੇ ਉਸ ਦੇ ਮਨ 'ਚ ਨਵੀਆਂ ਕੋਪਲਾਂ ਖੋਲ੍ਹ ਰਹੀ ਸੀ। ਉਸ ਤੋਂ ਮਗਰੋਂ ਵੀ ਕਈ ਦਿਨਾਂ ਤੱਕ ਉਹ ਸ਼ਾਲਿਨੀ ਦੇ ਆਉਂਦਿਆਂ ਹੀ ਚੁੱਪ ਹੋ ਜਾਂਦਾ ਅਤੇ ਖਾਮੋਸ਼ ਨਜ਼ਰਾਂ ਨਾਲ ਉਸ ਵੱਲ ਵੇਖਦਾ ਹੀ ਰਹਿ ਜਾਂਦਾ। ਇਸ ਸਭ ਕੁਝ ਤੋਂ ਅਣਜਾਣ ਸ਼ਾਲਿਨੀ ਸਹਿਜ-ਸੁਭਾਵਿਕ 'ਚ ਹੀ ਰਹਿੰਦੀ ਸੀ ਪਰੰਤੂ ਦਿਵੇਸ਼ ਨਾਲ ਗੱਲਾਂ ਕਰਦਿਆਂ ਉਸ ਦੇ ਚਿਹਰੇ ਉੱਤੇ ਜੋ ਚਮਕ ਉਭਰਦੀ, ਉਹ ਦਿਵੇਸ਼ ਤੋਂ ਕਦੇ ਛੁਪੀ ਹੋਈ ਨਹੀਂ ਸੀ।

ਦਿਨ ਬੀਤੇ, ਹਫ਼ਤੇ ਬੀਤ ਗਏ, ਆਖਿਰ ਦਿਵੇਸ਼ ਨੇ ਵੀ ਪਹਿਲ ਕੀਤੀ। ਉਸ ਨੇ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਸ਼ਬਦ ਦੇ ਦਿੱਤੇ। ਬੜੇ ਸੋਬਰ ਤਰੀਕੇ ਨਾਲ ਆਪਣੀ ਬੇਨਤੀ ਕਰਕੇ ਉਹ ਸ਼ਾਲਿਨੀ ਵੱਲ ਉੱਤਰ ਦੀ ਉਡੀਕ ਕਰਨ ਲੱਗਾ। ਸ਼ਾਲਿਨੀ ਨੇ "ਸੋਚ ਕੇ ਦੱਸਾਂਗੀ" ਆਖਰ ਕੇ ਗੱਲ ਨੂੰ ਸਮੇਟ ਦਿੱਤਾ ਪਰ ਦੱਸਣ ਦਾ ਹੋਰ ਕਈ ਯਤਨ ਫੇਰ ਨਾ ਹੋ ਸਕਿਆ। ਦਿਵੇਸ਼ ਅੱਖਾਂ 'ਚ ਹੀ ਉਡੀਕਾਂ ਲਾ ਬੈਠਾ ਰਿਹਾ, ਉਡੀਕ ਜਿਉਂ-ਜਿਉਂ ਥੱਕਦੀ ਗਈ, ਤਿਉਂ-ਤਿਉਂ ਵੱਧਦੀ ਗਈ। ਵਕਤ ਦੇ ਨਾਲ-ਨਾਲ ਉਡੀਕ ਵੀ ਸ਼ਾਇਰ ਉਡੀਕ ਕਰਨ ਲੱਗ ਪਈ ਸੀ।

ਹੁਣ ਅਪ੍ਰਾਪਤੀ ਨੂੰ ਪ੍ਰਾਪਤ ਕਰਨ ਦੀ ਲਾਲਸਾ ਉਮੰਡ-ਉਮੰਡ ਪੈਣ ਲੱਗ ਪਈ। ਇੰਨੀਆਂ ਚਾਹੁਣ ਵਾਲੀਆਂ ਨੂੰ ਛੱਡ ਕੇ ਉਸ ਨੇ ਸ਼ਾਲਿਨੀ ਨੂੰ ਚਾਹਿਆ ਸੀ। ਉਹ ਵੀ ਬਿਨਾਂ ਜਵਾਬ ਦਿੱਤਿਆਂ ਪਤਾ ਨਹੀਂ ਕਿੱਥੇ ਗੁਆਚ ਗਈ ਸੀ। ਉਸ ਨੇ ਵੀ ਤਾਂ ਉਸ ਨੂੰ ਲੱਭਣ ਦਾ ਯਤਨ ਕਦੋਂ ਕੀਤੀ ਸੀ? ਹੁਣ ਅਚਾਨਕ ਇੱਥੇ ਮਿਲ ਪਈ ਅਤੇ ਉਹ ਵੀ ਉਸ ਦਸ਼ਾ ਵਿੱਚ ਕੀ ਉਹ ਹੁਣ ਉਸ ਦੀ ਹੋ ਸਕਦੀ ਹੈ। ਉਸ ਨੂੰ ਸ਼ਾਲਿਨੀ ਦਾ ਸਾਰੇ ਦਿਨ ਦਾ ਵਰਤਾਓ ਯਾਦ ਆਉਣ ਲੱਗ ਪਿਆ। ਕਿਸ ਤਰ੍ਹਾਂ ਆਪਣੇ ਘਰ ਸੱਦਾ ਦੇਂਦੇ ਸਮੇਂ ਅੱਖਾਂ ਥਾਣੀਂ ਮੁਸਕਰਾ ਰਹੀ ਸੀ? ਹਾਲਾਤਾਂ ਦੇ ਪੁੜਾਂ ਵਿੱਚ ਪਿਸਦੀ ਹੋਈ ਉਹ ਨਿਰਸੰਦੇਹ ਉਸ ਨੂੰ ਪ੍ਰਾਪਤ ਕਰਨ ਹਿੱਤ ਤੀਬਰ ਚਾਹਵਾਨ ਹੋਵੇਗੀ। ਦਿਵੇਸ਼ ਆਪਣੀ ਪ੍ਰਸੰਨਤਾ ਨੂੰ ਆਪਣੇ ਵਿਚਾਰਾਂ ਦੇ ਨਾਲ ਜੋੜਦਾ ਹੋਇਆ ਜਾ ਰਿਹਾ ਸੀ। ਸਵੇਰੇ, ਜਦੋਂ ਉਹ ਸੌਂ ਕੇ ਉੱਠਿਆ ਤਾਂ ਨੀਂਦ ਪੂਰੀ ਨਾ ਹੋਣ ਦੇ ਬਾਵਜੂਦ ਵੀ ਉਹ ਤਰੋ-ਤਾਜ਼ਾ ਸੀ।

ਗੋਸ਼ਟੀ ਵਿੱਚ ਉਸ ਨੇ ਬੜੇ ਆਤਮ ਵਿਸ਼ਵਾਸ ਅਤੇ ਸਫੂਰਤੀ ਦੇ ਨਾਲ ਆਪਣੇ ਖੋਜ ਸਿੱਟੇ ਪੜ੍ਹੇ। ਉਸ ਦੀਆਂ ਨਜ਼ਰਾਂ ਲੈਕਚਰ-ਹਾਲ ਵਿੱਚ ਬੈਠੇ ਪ੍ਰਤੀਨਿਧੀਆਂ ਦੇ ਵਿੱਚ ਦੌੜਦੀ ਹੋਈ ਆਪਣੇ ਜਾਣੂ-ਪਛਾਣੂ ਚਿਹਰੇ ਨੂੰ ਲੱਭ ਰਹੀ ਸੀ। ਸਿੱਟੇ ਪੜ੍ਹ ਕੇ ਉਹ ਮੰਚ ਤੇ ਬੈਠ ਗਿਆ। ਰੂਮ ਵਿੱਚ ਬੈਠੇ ਚਿਹਰਿਆਂ ਉੱਤੇ ਆਪਣੇ ਪ੍ਰਵਾਨਿਤ ਪ੍ਰਸ਼ਨ ਦਾ ਚਿਹਰਾ ਚਸਪਾਂ ਕਰਨ ਦੀ ਖੇਡ ਉਹ ਆਪਣੇ ਆਪ ਨਾਲ ਖੇਡਣ ਲੱਗਾ। ਉਸ ਦੇ ਪ੍ਰਵਾਨਿਤ ਪ੍ਰਸ਼ਨ ਦਾ ਚਿਹਰਾ ਕਿਸੇ ਵੀ ਚਿਹਰੇ ਉੱਤੇ ਫਿਟ ਨਾ ਬੈਠ ਸਕਿਆ। ਗੋਸ਼ਟੀ ਸਮਾਪਤ ਹੋਣ ਵੱਲ ਵੱਧਦੀ ਹੋਈ, ਸਮਾਪਤੀ ਤੇ ਜਾ ਪਹੁੰਚੀ। ਸਾਰੇ ਲੰਚ ਲੈਣ ਵਾਸਤੇ ਨਿਰਧਾਰਿਤ ਥਾਂ ਵੱਲ ਤੁਰ ਪਏ। ਦਿਵੇਸ਼ ਨੂੰ ਉਸ ਦੇ ਕੱਢੇ ਖੋਜ-ਸਿੱਟਿਆਂ ਵਾਸਤੇ ਬਹੁਤ ਸਾਰੀਆਂ ਵਧਾਈਆਂ ਮਿਲੀਆਂ। ਆਯੋਜਕਾਂ ਨੇ ਉਸ ਦਾ ਵਾਪਸੀ ਪ੍ਰੋਗਰਾਮ ਉਸ ਦੇ ਸੇਵਾ ਫ਼ਲ ਵਾਲੇ ਲਿਫ਼ਾਫੇ ਦੇ ਨਾਲ ਹੀ ਉਸ ਨੂੰ ਫੜਾ ਦਿੱਤਾ, ਜਿਸ ਨੂੰ ਉਸ



ਨੇ ਚੁੱਪ-ਚਾਪ ਜੇਬ ਵਿੱਚ ਸਰਕਾ ਲਿਆ। ਉਸ ਦੀਆਂ ਨਜ਼ਰਾਂ ਇਧਰ-ਉਧਰ ਘੁੰਮਦੀਆਂ ਹੋਈਆਂ ਕ੍ਰੋਟਨ ਦੇ ਗ਼ਮਲਿਆਂ ਦੀ ਕਤਾਰ ਦੇ ਕੋਲ ਪੁੱਜੀਆਂ, ਉੱਥੇ ਇੱਕ ਚਿੜੀ ਕ੍ਰੋਟਨ ਦੇ ਪੱਤੇ ਉੱਤੇ ਆਪਣਾ ਸੰਤੁਲਿਨ ਬਣਾਉਣ ਦਾ ਯਤਨ ਕਰ ਰਹੀ ਸੀ।

**ਮੂਲ ਲੇਖਕ- ਡਾ. ਮਲਿਕ ਰਾਜ ਕੁਮਾਰ**
**ਅਨੁਵਾਦ: ਡਾ. ਜਗੀਰ ਸਿੰਘ ਨੂਰ, 98142-09732**
**ਏ-9, ਚਾਹਲ ਨਗਰ, ਜੀ.ਟੀ. ਰੋਡ, ਫਗਵਾੜਾ -144401**

◆◆◆

## ਮਨਹੂਸ

ਸਵੇਰ ਦਾ ਸਮਾਂ ਸੀ। ਨਾਸ਼ਤੇ ਤੋਂ ਵਿਹਲੀ ਹੋ ਕੇ ਪ੍ਰਭਜੋਤ ਰਸੋਈ ਵਿੱਚ ਭਾਂਡੇ ਮਾਂਜਣ 'ਚ ਰੁੱਝ ਹੋਈ ਹੈ। ਨੰਨ੍ਹੀ ਸ਼ੀਨਾ ਉਸ ਦੇ ਕਪੜੇ ਖਿੱਚ-ਖਿੱਚ ਕੇ ਉਸ ਨੂੰ ਤੰਗ ਕਰਦੀ ਹੋਈ ਰੋ ਰਹੀ ਹੈ। "ਜਲਦੀ ਕੰਮ ਨਬੇੜ ਲੈ ਤੇ ਜਾ ਕੇ ਸ਼ੀਨਾ ਨੂੰ ਸਵਾ ਦੇ।" ਉਹਦੀ ਸੱਸ ਬੋਲੀ।

ਆਪਣੇ ਸੱਸ ਗੁਰਜੀਤ ਦੀ ਗੁੱਸੇ ਭਰੀ ਆਵਾਜ਼ ਸੁਣਦਿਆਂ ਹੀ ਪ੍ਰਭਜੋਤ ਕਾਹਲੀ ਨਾਲ ਕੰਮ ਨਬੇੜ ਕੇ ਸ਼ੀਨਾ ਨੂੰ ਚੁੱਕ ਕੇ ਪਿਛਲੇ ਕਮਰੇ ਅੰਦਰ ਲੈ ਗਈ ਤੇ ਦੁੱਧ ਪਿਲਾਉਣ ਲੱਗੀ।

ਪ੍ਰਭਜੋਤ ਦੇ ਅੰਦਰ ਜਾਂਦਿਆਂ ਹੀ ਗੁਰਜੀਤ ਨੇ ਛੇਤੀ-ਛੇਤੀ ਉੱਠ ਕੇ ਆਪਣੇ ਤੇ ਆਪਣੀ ਧੀ ਦੀਪਾ ਦਾ ਨਵਾਂ ਸੂਟ ਤੇ ਕੁੱਝ ਮੈਕਅੱਪ ਦਾ ਸਮਾਨ ਇੱਕ ਲਿਫਾਫੇ ਵਿੱਚ ਪਾਇਆ ਤੇ ਲਿਫਾਫਾ ਬਾਹਰਲੇ ਗੇਟ ਵਲ ਖੁਲ੍ਹਦੇ ਬੈਠਕ ਦੇ ਦਰਵਾਜ਼ੇ ਪਿੱਛੇ ਰੱਖ ਆਈ। ਫਿਰ ਉਹਨੇ ਵਿਹੜੇ ਵਿੱਚ ਖੁਲ੍ਹਦੇ ਬੈਠਕੇ ਦੇ ਬੂਹੇ ਨੂੰ ਘੁੱਟ ਕੇ ਬੰਦ ਕਰ ਦਿੱਤਾ ਤੇ ਖੁਦ ਰਸੋਈ ਵਿੱਚ ਆ ਗਈ। ਏਨੇ ਨੂੰ ਬਾਹਰਲਾ ਦਰਵਾਜ਼ਾ ਖੜਕਿਆ ਤੇ ਉਸ ਦਾ ਦਿਉਰ ਤੇ ਦਰਾਣੀ ਅੰਦਰ ਲੰਘ ਆਏ, "ਲੈ। ਅਜੇ ਇੰਜ ਹੀ ਬੈਠੀਆਂ ਹੋ। ਤਿਆਰ ਨਹੀਂ ਹੋਇਆ?" ਗੁਰਜੀਤ ਤੇ ਦੀਪਾ ਨੂੰ ਸਾਧਾਰਣ ਜਹੇ ਸੂਟ ਵਿੱਚ ਵੇਖਦੇ ਹੀ ਪ੍ਰਭਜੋਤ ਦੀ ਦਰਾਣੀ ਦਲਜੀਤ ਬੋਲੀ।

"ਹਾਏ ਰੱਬਾ। ਹੌਲੀ ਬੋਲ...।" ਗੁਰਜੀਤ ਸਾਰੇ ਸ਼ਬਦਾਂ ਨੂੰ ਬੁੱਲ੍ਹਾਂ 'ਚ ਦਬਾਉਂਦੀ ਹੋਈ ਦਬਵੀਂ ਆਵਾਜ਼ ਵਿੱਚ ਬੋਲੀ।

"ਕੀ ਹੋਇਆ?" ਦਲਜੀਤ ਹੈਰਾਨ ਹੋ ਕੇ ਬੋਲੀ।

"ਇਧਰ ਬੈਠਕ ਵਿੱਚ ਈ ਆ ਜਾਉ" ਤੇ ਉਸ ਨੇ ਦਲਜੀਤ ਤੇ ਜਗਤਾਰ ਦੇ ਅੰਦਰ ਲੰਘਦੇ ਹੀ ਬੂਹਾ ਬੰਦ ਕਰ ਲਿਆ।

"ਹੋਰ ਕੁੱਝ ਨਹੀਂ, ਬਸ ਅਸਾਂ ਸੋਚਿਐ ਕਿ ਇਸ ਵਾਰ ਪ੍ਰਭਜੋਤ ਨੂੰ ਦੀਪਾ ਦੇ ਰਿਸ਼ਤੇ ਦੀ ਗੱਲ ਬਾਰੇ ਬਿਲਕੁਲ ਨਹੀਂ ਦਸਣਾ। ਤੁਹਾਨੂੰ ਵੀ ਪਤਾ ਈ ਹੈ ਕਿ ਆਪਣੀ ਦੀਪਾ ਦੀ ਹੁਣ ਤਕ ਕਈ ਥਾਈਂ ਗੱਲ ਚੱਲ ਚੁੱਕੀ ਹੈ, ਪਰ ਸਿਰੇ ਨਹੀਂ ਚੜ੍ਹਦੀ। ਜਿਹੜੀ ਥਾਂ ਵੀ ਇਹਨੂੰ ਨਾਲ ਲੈ ਕੇ ਗਈ ਆਂ, ਅਗਲਿਆਂ ਜਵਾਬ ਹੀ ਦਿਤੈ। ਮੈਂ ਤਾਂ ਕਈ ਵਾਰ ਇਨ੍ਹਾਂ ਨੂੰ ਕਿਹੈ ਬਈ ਇਸ ਮਨਹੂਸ ਨੂੰ ਘਰ ਹੀ ਛੱਡ ਜਾਉ। ਇਹ ਹਰ ਵਾਰ ਇਹੀ ਕਹਿੰਦੇ ਨੈ, 'ਨਹੀਂ ਐਵੇਂ ਚੰਗਾ ਨਹੀਂ ਲਗਦਾ। ਇਕੋ-ਇਕ ਨੂੰਹ ਏ।' ਮੈ ਵੇਖਿਐ, ਜਦੋਂ ਵੀ ਕਿਧਰੇ ਗੱਲ ਤੁਰਦੀ ਏ... ਇਹਦੇ ਕੰਨੀ ਪੈ ਜਾਏ ਸਹੀ... ਬਸ ਗੱਲ ਉਥੇ ਹੀ ਕਿਸੇ ਤਰ੍ਹਾਂ ਠੱਪ ਹੋ ਜਾਂਦੀ ਹੈ। ਹੁਣ ਤਾਂ ਮੈਂ ਇਨ੍ਹਾਂ ਨੂੰ ਚੰਗੀ ਤਰ੍ਹਾਂ

ਸਮਝਾਅ ਦਿਤੈ ਕਿ ਪ੍ਰਭਜੋਤ ਨੂੰ ਦੀਪਾ ਦੇ ਰਿਸ਼ਤੇ ਦੀ ਗੱਲ ਬਿਲਕੁਲ ਨਹੀਂ ਪਤਾ ਲੱਗਣੀ ਚਾਹੀਦੀ ਤਾਂ ਹੀ ਇਹ ਕਾਰਜ ਹੋ ਸਕਦੈ।"

"ਹੈ ਕਿਥੇ ਹੁਣ?" ਵਿੱਚੋਂ ਹੀ ਉਸ ਦਾ ਦਿਉਰ ਜਗਤਾਰ ਬੋਲ ਪਿਆ।

"ਪਿਛਲੇ ਕਮਰੇ ਅੰਦਰ ਏ। ਸ਼ੀਨਾ ਨੂੰ ਸਵਾਉਂਦੀ ਹੋਵੇਗੀ। ਹੁਣ ਤੁਸੀਂ ਵੀ ਉਹਦੇ ਸਾਹਮਣੇ ਕੋਈ ਗੱਲ ਨਾ ਕਰਿਉ ਇੰਜ ਲੱਗੇ ਕਿ ਤੁਸੀਂ ਵੈਸੇ ਹੀ ਮਿਲਣ ਆਏ ਹੋ।"

... ਤੇ ਏਨੇ ਨੂੰ ਪ੍ਰਭਜੋਤ ਚਾਹ ਲੈ ਕੇ ਆ ਗਈ। ਉਸ ਦੇ ਆਉਂਦਿਆਂ ਹੀ ਸਾਰੇ ਚੁੱਪ ਹੋ ਗਏ। ਪੈਰੀਂ ਹੱਥ ਲਾਣ ਤੋਂ ਬਾਅਦ ਉਹ ਉਥੇ ਉਨ੍ਹਾਂ ਕੋਲ ਹੀ ਬੈਠ ਗਈ।

"ਸੌਂ ਗਈ ਸ਼ੀਨਾ?" ਦਲਜੀਤ ਓਪਰਾ ਜਿਹਾ ਮੁਸਕਰਾਉਂਦੀ ਹੋਈ ਬੋਲੀ।

"ਹਾਂ ਜੀ..." ਕਹਿੰਦਿਆਂ ਉਹ ਦਲਜੀਤ ਨਾਲ ਹੋਰ ਗੱਲਾਂ ਕਰਨ ਪਈ।

"ਆਟਾ ਗੁੰਨ੍ਹਣ ਵਾਲਾ ਪਿਐ... ਜਾ, ਜਾ ਕੇ ਆਟਾ ਗੁੰਨ੍ਹ ਲੈ।" ਗੁਰਜੀਤ ਦੇ ਕਹਿੰਦਿਆਂ ਹੀ ਪ੍ਰਭਜੋਤ ਉਠ ਕੇ ਰਸੋਈ ਵਿੱਚ ਆ ਗਈ ਤੇ ਦਲਜੀਤ ਨੇ ਝੱਟ ਉਠ ਕੇ ਬੂਹਾ ਢੋਅ ਦਿੱਤਾ। ਪ੍ਰਭਜੋਤ ਨੂੰ ਉਨ੍ਹਾਂ ਦਾ ਅਜਿਹਾ ਕਰਨਾ ਬਿਲਕੁਲ ਵੀ ਚੰਗਾ ਨਾ ਲੱਗਾ ਤੇ ਝੱਟ ਹੀ ਉਸ ਦੀਆਂ ਅੱਖਾਂ ਵਿੱਚ ਅੱਥਰੂ ਘੁਲਣ ਲੱਗੇ। ਬੈਠਕ ਵਿੱਚ ਕੁੱਝ ਦੇਰ ਉਨ੍ਹਾਂ ਦਾ ਵਿਚਾਰ-ਵਟਾਂਦਰਾ ਚਲਦਾ ਰਿਹਾ ਤੇ ਫਿਰ ਗੁਰਜੀਤ ਬੋਲੀ, "ਤੁਸੀਂ ਇੰਜ ਕਰੋ... ਸਿੱਧੇ ਹੋਟਲ ਪਹੁੰਚੋ। ਕਮਰਾ ਉਥੇ ਅਸਾਂ ਬੁੱਕ ਕਰਵਾ ਦਿੱਤਾ ਹੋਇਐ। ਉਥੇ ਹੀ ਵੇਖ-ਵਿਖਾਈ ਕਰਾਂਗੇ। ਤੁਸੀਂ ਜਾ ਕੇ ਚਾਬੀ ਲੈ ਕੇ ਬੂਹਾ ਖੋਲ੍ਹੋ। ਇਹ ਤੇ ਕੁਲਰਾਜ ਦਫਤਰ ਤੋਂ ਸਿੱਧੇ ਉਥੇ ਈ ਆ ਜਾਣਗੇ। ਬਾਕੀ ਮੈਂ ਬਲਜੀਤ ਨੂੰ ਵੀ ਫੋਨ ਕਰ ਦਿੱਤਾ ਸੀ ਬਈ ਪ੍ਰਾਹੁਣੇ ਨਾਲ ਸਿੱਧੀ ਹੋਟਲ ਈ ਆ ਜਾਵੀਂ। ਮੈਂ ਤਾਂ ਇਹੀ ਚਾਹੁੰਦੀ ਹਾਂ ਕਿ ਗੱਲ ਬਣ ਜਾਵੇ ਹੁਣ ਬਸ. ਅਠਾਈਆਂ ਦੀ ਹੋ ਚਲੀ ਐ ਆਪਣੀ ਦੀਪਾ। ਮੈਨੂੰ ਤਾਂ ਇਹਦੇ ਫਿਕਰ ਨੇ ਈ ਖਾ ਲਿਐ। ਸੱਚੀਂ! ਜਿਥੇ ਵੀ ਮੁੰਡਾ ਵੇਖਦੇ ਆਂ, ਅਗਲੇ ਕੁੜੀ ਵੇਖਦੇ ਨੇ ਤੇ ਬਸ ਚੁੱਪ ਈ ਕਰ ਜਾਂਦੇ ਨੇ। ਪਤਾ ਨਹੀਂ ਕੀਹਦੀ ਨਜ਼ਰ ਖਾ ਗਈ ਏ।" ਗੁਰਜੀਤ ਡਾਹਢੀ ਉਦਾਸ ਹੁੰਦੀ ਹੋਈ ਬੋਲੀ।

"ਕੋਈ ਨਾ, ਕੋਈ ਨਾ। ਫ਼ਿਕਰ ਨਾ ਕਰੋ। ਸਾਨੂੰ ਤਾਂ ਲਗਦੈ ਇਸ ਵਾਰੀ ਗੱਲ ਬਣ ਈ ਜਾਣੀ ਐ... ਮੁੰਡਾ ਵੀ ਵਧੀਐ... ਤੇ ਘਰਬਾਰ ਵੀ... ਚਲੋ ਮੀਟ-ਸ਼ਰਾਬ ਦਾ ਈ ਲਗਦੈ ਤੁਹਾਨੂੰ... ਵੈਸੇ ਵੇਖਿਆ ਜਾਏ ਤਾਂ ਇਹ ਕੋਈ ਵੱਡੀ ਗੱਲ ਨਹੀਂ... ਉਹ ਕਿਹੜਾ ਰੋਜ਼-ਰੋਜ਼ ਖਾਂਦਾ ਪੀਂਦੈ। ਪਾਰਟੀ ਵਗੈਰਾ 'ਤੇ ਤਾਂ ਅੱਜਕੱਲ ਸਾਰੇ ਈ ਖਾ-ਪੀ ਲੈਂਦੇ ਨ।"

"ਚਲੋ ਗੱਲਾਂ ਫਿਰ ਹੁੰਦੀਆਂ ਰਹਿਣਗੀਆਂ...। ਛੇਤੀ ਕਰੋ ਹੁਣ ਤੁਸੀਂ ਸਿੱਧੇ ਹੋਟਲ ਚਲੋ।" ਗੁਰਜੀਤ ਜਗਤਾਰ ਦੀ ਗੱਲ ਕਟਦੀ ਹੋਈ ਬੋਲੀ ਤੇ ਉਹ ਸਾਰੇ ਉਠ ਖੜ੍ਹੇ ਹੋਏ। "ਦੀਪਾ ਚਲ ਤੁਰ...।" ਉਨ੍ਹਾਂ ਦੇ ਜਾਂਦਿਆਂ ਹੀ ਗੁਰਜੀਤ ਨੇ ਦੀਪਾ ਨੂੰ ਆਵਾਜ਼ ਮਾਰੀ।

"ਕਿਧਰ ਚਲੇ ਓ...?" ਕੋਲ ਬੈਠੀ ਪ੍ਰਭਜੋਤ ਨੇ ਪੁਛਿਆ।

'ਤੂੰ ਜ਼ਰੂਰ ਪੁਛਣੈ?... ਨਹਿਸ ਕਿਤੋਂ ਦੀ...।' ਬਿਨਾਂ ਬੋਲੇ ਗੁਰਜੀਤ ਮਨ ਈ ਮਨ ਕੁੜ੍ਹਨ ਲੱਗੀ ਤੇ ਉਸ ਦੇ ਮੱਥੇ ਦੇ ਵੱਟ ਹੋਰ ਵੀ ਗੂਹੜੇ ਹੋ ਗਏ। "ਬਾਹਰਲੇ ਗੁਰਦਵਾਰੇ ਚੱਲੇ ਆਂ... ਮੱਥਾ ਟੇਕਣ।" ਇਹ ਕਹਿੰਦਿਆਂ ਗੁਰਜੀਤ ਤੇ ਦੀਪਾ ਨੇ ਚੁੰਨੀ ਚੁਕੀ, ਜੁੱਤੀ ਪਾਈ ਤੇ ਬਾਹਰਲੇ ਗੇਟ ਵਲ ਹੋ ਤੁਰੀਆਂ। ਦੀਪਾ ਨੇ ਹੌਲੀ ਜਹੀ ਲਿਫਾਫਾ ਵੀ ਚੁੱਕ ਲਿਆ।

"ਸ਼ੁਕਰ ਐ ਇਸ ਵਾਰ ਭਾਪੇ ਤੇ ਵੀਰ ਜੀ ਨੇ ਭਾਬੀ ਨੂੰ ਕੋਈ ਗੱਲ ਨਹੀਂ ਦੱਸੀ।" ਰਿਕਸ਼ੇ 'ਤੇ ਬੈਠਦਿਆਂ ਦੀਪਾ ਮਾਂ ਅੱਗੇ ਮਨ ਦੀ ਭੜਾਸ ਕਢਦੀ ਹੋਈ ਬੋਲੀ।



"ਮੈਂ ਤਾਂ ਹਰ ਵਾਰ ਕਹਿਨੀ ਆਂ। ਇਨ੍ਹਾਂ ਨੂੰ ਪਤਾ ਨਹੀਂ, ਕੀ ਹੈਗੈ ਉਹਦੇ ਨਾਲ। ਚਲ ਛੱਡ ਹੁਣ, ਉਹਦਾ ਧਿਆਨ ਬਿਲਕੁਲ ਨਾ ਕਰ।" ਗੁਰਜੀਤ ਬੋਲੀ।

ਹੋਟਲ ਦੇ ਕਮਰੇ 'ਚ ਪਹੁੰਚਦਿਆਂ ਹੀ ਉਨ੍ਹਾਂ ਵੇਖਿਆ ਦਲਜੀਤ ਤੇ ਜਗਤਾਰ ਉਥੇ ਪਹੁੰਚੇ ਹੋਏ ਸਨ। ਮਾਵਾਂ-ਧੀਆਂ ਨੇ ਛੇਤੀ-ਛੇਤੀ ਪੜੇ ਬਦਲ ਲਏ। ਥੋੜ੍ਹੀ ਦੇਰ ਬਾਅਦ ਇਕ ਪਾਰਲਰ ਵਾਲੀ ਕੁੜੀ ਵੀ ਆ ਗਈ, ਜਿਸ ਨੂੰ ਗੁਰਜੀਤ ਨੇ ਖਾਸ ਤੌਰ 'ਤੇ ਸਦਿਆ ਸੀ। ਉਹ ਚਾਹੁੰਦੀ ਸੀ ਕਿ ਉਹ ਦੀਪਾ ਦੀ ਸਾਧਾਰਣ ਜਹੀ ਦਿੱਖ ਨੂੰ ਆਕਰਸ਼ਕ ਬਣਾ ਦੇਵੇ, ਜਿਵੇਂ ਉਹ ਬਜ਼ਿੱਦ ਸੀ ਕਿ ਅੱਜ ਰਿਸ਼ਤਾ ਕਰਕੇ ਹੀ ਜਾਣਾ ਹੈ। ਗੁਰਜੀਤ ਦਾ ਪਤੀ ਸੁਖਦੀਪ ਸਿੰਘ ਤੇ ਪੁੱਤਰ ਕੁਲਰਾਜ ਵੀ ਆ ਗਏ। ਏਨੇ ਨੂੰ ਧੀ ਬਲਜੀਤ ਤੇ ਉਸ ਦੇ ਘਰ ਵਾਲੇ ਨੇ ਆ ਕੇ ਦੱਸਿਆ ਕਿ ਮੁੰਡੇ ਵਾਲਿਆਂ ਦੀ ਕਾਰ ਹੇਠਾਂ ਖੜ੍ਹੀ ਲਗਦੀ ਹੈ। ਉਹ ਸਾਰੇ ਹੇਠਾਂ ਚਲੇ ਗਏ।

"ਇਹ ਤਾਂ ਸਿਰਫ ਤਿੰਨ ਜਣੇ ਹੀ ਆਏ ਨੇ। ਮੈਂ ਵੀ ਤੈਨੂੰ ਕਿਹਾ ਸੀ ਕਿ ਆਪਾਂ ਵੀ ਬਸ ਤਿੰਨੋ ਈ ਠੀਕ ਆਂ। ਤੂੰ ਈ ਸਾਰਿਆਂ ਨੂੰ ਸੱਦ ਬਹਿਨੀ ਏਂ।" ਦੂਰੋਂ ਮੁੰਡੇ ਵਾਲਿਆਂ ਨੂੰ ਵੇਖਦਿਆਂ ਈ ਸੁਖਦੀਪ, ਗੁਰਜੀਤ ਦੇ ਕੰਨ ਕੋਲ ਹੁੰਦਿਆਂ ਬੋਲਿਆ।

"ਕੋਈ ਨਹੀਂ..., ਸਾਰਿਆਂ ਦਾ ਆਉਣਾ ਜ਼ਰੂਰੀ ਹੁੰਦੈ...। ਸਾਰੇ ਖ਼ਾਸ ਨੇ... ਕੀਹਨੂੰ ਛਡੀਏ... ਸਾਰਿਆਂ ਦੀ ਸਲਾਹ ਲੈਣੀ ਹੁੰਦੀ ਏ... ਤੇ ਹੁਣ ਚੁੱਪ ਕਰ ਜਾਉ ਤੁਸੀਂ।" ਗੁਰਜੀਤ ਨੇ ਗੁੱਸੇ ਵਿੱਚ ਬੋਲਦਿਆਂ ਸੁਖਦੀਪ ਨੂੰ ਘੂਰੀ ਵੱਟੀ ਤਾਂ ਉਹ ਇਕਦਮ ਚੁੱਪ ਕਰ ਗਿਆ।

ਰਸਮੀ ਸਤਿ ਸ੍ਰੀ ਅਕਾਲ ਤੋਂ ਬਾਅਦ ਕੁੱਝ ਦੇਰ ਹੇਠਾਂ ਹਾਲ ਵਿੱਚ ਬੈਠ ਕੇ ਹੀ ਗੱਲਬਾਤ ਹੁੰਦੀ ਰਹੀ ਤੇ ਫਿਰ ਸਾਰੇ ਕਮਰੇ ਵਿੱਚ ਆ ਗਏ। ਉਨ੍ਹਾਂ ਦੀ ਖਾਤਰਦਾਰੀ ਦਾ ਵੀ ਪੂਰਾ ਪ੍ਰਬੰਧ ਸੀ। ਮੁੰਡਾ ਸੋਹਣਾ, ਸੁਣੱਖਾ ਹੋਣ ਕਾਰਨ ਸਾਰਿਆਂ ਨੂੰ ਜੱਚ ਗਿਆ। ਸੁਖਦੀਪ ਨੇ ਸਾਰਿਆਂ ਦੀ ਜਾਣ-ਪਛਾਣ ਕਰਾਈ। ਨੂੰਹ ਬਾਰੇ ਪੁੱਛਣ 'ਤੇ ਗੁਰਜੀਤ ਨੇ ਝੱਟ ਕਿਹਾ, "ਉਹ ਰਾਤ ਦੀ ਢਿੱਲੀ ਸੀ... ਬਸ ਥੋੜ੍ਹੀ ਦੇਰ ਲਈ ਕਿਸੇ ਰਿਸ਼ਤੇਦਾਰ ਨੂੰ ਉਸ ਕੋਲ ਛੱਡ ਕੇ ਆਏ ਹਾਂ। ਸਾਡਾ ਤਾਂ ਸਾਰਾ ਧਿਆਨ ਹੀ ਉਸ ਵਿੱਚ ਹੈ।"

ਖ਼ੈਰ! ਗੱਲ ਆਈ ਗਈ ਹੋ ਗਈ। ਮੁੰਡੇ ਦੇ ਪਿਉ ਨੇ ਦੀਪਾ ਤੋਂ ਕਈ ਤਰ੍ਹਾਂ ਦੇ ਸਵਾਲ ਪੁੱਛੇ, ਜਿਨ੍ਹਾਂ ਵਿੱਚੋਂ ਕਈ ਗੱਲਾਂ ਗੁਰਜੀਤ ਤੇ ਸੁਖਦੀਪ ਨੂੰ ਬਿਲਕੁਲ ਵੀ ਚੰਗੀਆਂ ਨਾ ਲਗੀਆਂ, ਪਰ ਉਨ੍ਹਾਂ ਨੇ ਚੁੱਪ ਰਹਿਣਾ ਹੀ ਮੁਨਾਸਬ ਸਮਝਿਆ। ਸਾਰਿਆਂ ਦੀ ਆਪਸੀ ਗੱਲਬਾਤ ਤੋਂ ਬਾਅਦ ਕੁਝ ਦੇਰ ਲਈ ਕੁੜੀ-ਮੁੰਡੇ ਨੂੰ ਗੱਲਬਾਤ ਕਰਨ ਲਈ ਇਕੱਲਿਆਂ ਛੱਡ ਦਿੱਤਾ ਗਿਆ। ਉਸ ਮਗਰੋਂ ਕੁੱਝ ਦੇਰ ਮੁੰਡੇ ਵਾਲੇ ਆਪਸ ਵਿੱਚ ਵਿਚਾਰ-ਵਟਾਂਦਰਾ ਕਰਦੇ ਰਹੇ। ਜਦੋਂ ਸਾਰੇ ਮੁੜ ਇਕੱਠੇ ਹੋਏ ਤਾਂ ਸੁਖਦੀਪ ਦੇ ਪੁੱਛਣ 'ਤੇ ਮੁੰਡੇ ਦਾ ਪਿਉ ਬੋਲਿਆ, "ਕਾਹਲੀ ਕਾਹਦੀ ਹੈ ਜੀ... ਆਪਾਂ ਇਕ-ਦੂਜੇ ਨੂੰ ਮਿਲ ਲਿਐ, ਗੱਲਬਾਤ ਕਰ ਲਈ ਏ। ਘਰ ਜਾ ਕੇ ਤੁਸੀਂ ਵੀ ਆਰਾਮ ਨਾਲ ਸਲਾਹ ਕਰ ਲਉ ਤੇ ਅਸੀਂ ਵੀ ਕਰ ਲੈਂਦੇ ਆਂ। ਬਾਕੀ ਗੱਲਾਂ-ਬਾਤਾਂ ਤਾਂ ਫੋਨ 'ਤੇ ਹੁੰਦੀਆਂ ਹੀ ਰਹਿਣਗੀਆਂ।"

ਫਿਰ ਕੁੱਝ ਦੇਰ ਦੀਆਂ ਸਾਧਾਰਣ ਗੱਲਾਂ-ਬਾਤਾਂ ਤੋਂ ਬਾਅਦ ਉਹ ਉਨ੍ਹਾਂ ਨੂੰ ਹੇਠਾਂ ਤੱਕ ਛੱਡਣ ਲਈ ਚਲੇ ਗਏ ਤੇ ਉਧਰੋਂ ਹੀ ਸਾਰੇ ਆਪੋ-ਆਪਣੇ ਟਿਕਾਣਿਆਂ 'ਤੇ ਚਲੇ ਗਏ।

ਦਿਨ ਬੀਤਣ ਲੱਗੇ। ਉਹ ਕੁੱਝ ਦਿਨ ਫੋਨ ਉਡੀਕਦੇ ਰਹੇ ਤੇ ਇਕ ਦਿਨ ਸੁਖਦੀਪ ਨੇ ਮੁੰਡੇ ਵਾਲਿਆਂ ਨੂੰ ਫੋਨ ਕੀਤਾ ਤਾਂ ਅੱਗੋਂ ਜਵਾਬ ਮਿਲਿਆ, 'ਅਜੇ ਸਲਾਹ ਕਰ ਰਹੇ ਹਾਂ। ਦੋ ਕੁ ਦਿਨ ਠਹਿਰ ਕੇ ਫੋਨ ਕਰੋ।' ਉਨ੍ਹਾਂ ਨੇ ਫਿਰ ਫੋਨ ਕੀਤਾ ਤਾਂ ਕੋਈ ਹੋਰ ਬਹਾਨਾ। ਕੁੱਝ ਦਿਨਾਂ

ਬਾਅਦ ਫਿਰ ਫੋਨ ਕੀਤਾ ਤਾਂ ਅਗਲਿਆ ਫੋਨ ਈ ਕੱਟ ਦਿੱਤਾ। ਭਰਿਆ-ਪੀਤਾ ਸੁਖਦੀਪ, ਗੁਰਜੀਤ ਵਲ ਵੇਖਦਿਆਂ ਬੋਲਿਆ, "ਲੈ ਵੇਖ ਲੈ ਲੋਕਾਂ ਦਾ ਹਾਲ... ਅੱਜ ਕਲ ਤਾਂ ਲੋਕੀਂ ਅਸਮਾਨੀਂ ਚੜ੍ਹ ਪਏ ਨੇ। ਆਕੜ ਈ ਮਾਣ ਨਹੀਂ। ਗੱਲ ਕਰਕੇ ਵੀ ਰਾਜ਼ੀ ਨਹੀਂ ਹੁਣ... ਤੂੰ ਹੀ ਹੋਟਲ ਦਾ ਕਮਰਾ ਬੁੱਕ ਕਰਾਉਣ ਨੂੰ ਕਹਿ ਬਹਿਨੀ ਏਂ...। ਕਦੇ ਖਰਚੇ ਬਾਰੇ ਵੀ ਸੋਚ ਲਿਆ ਕਰ... ਗੱਲ ਪਤਾ ਨਹੀਂ ਬਣਨੀ ਹੁੰਦੀ ਏ ਕਿ ਨਹੀਂ... ਇਹਦੇ ਨਾਲੋਂ ਤਾਂ ਘਰ ਹੀ ਸੱਦ ਲੈਂਦੇ..." ਸੁਖਦੀਪ ਗੁੱਸੇ ਨਾਲ ਮੱਥੇ 'ਤੇ ਤਿਉੜੀਆਂ ਪਾਈ ਗੁਰਜੀਤ ਨੂੰ ਘੂਰਦਾ ਹੋਇਆ ਬੋਲਿਆ।

"ਮਗਰੋਂ ਘਰ ਸੱਦ ਲੈਂਦੇ... ਇਥੇ ਆਹ ਜੋ ਬੈਠੀ ਏ... ਹਰ ਗੱਲ ਵਿੱਚ ਛੱਤੀ ਸਵਾਲ ਪੁੱਛਣ ਵਾਲੀ... ਇਹਦੀ ਊਂ ਈ ਹਾਅ ਪੈ ਜਾਂਦੀ ਹੈ ਹਰ ਵਾਰ... ਸੱਚ ਦਸਾਂ ਤਾਂ ਇਹ ਮੇਰੀ ਕੁੜੀ ਤੋਂ ਸੜਦੀ ਏ...।" ਗੁਰਜੀਤ ਬੋਲੀ।

"ਤੂੰ ਤਾਂ ਐਵੇਂ ਈ ਉਹਦੇ ਮਗਰ ਪਈ ਰਹਿੰਨੀ ਏ... ਇਸ ਵਾਰ ਤਾਂ ਉਹਨੂੰ ਕੁੱਝ ਦੱਸਿਆ ਈ ਨਹੀਂ ਸੀ...।" ਸੁਖਦੀਪ ਹੋਰ ਖਿਝਦਾ ਹੋਇਆ ਬੋਲਿਆ।

"ਸੁਣ ਲਈ ਹੋਣੀ ਏ ਉਹਨੇ ਕੋਈ ਨਾ ਕੋਈ ਗੱਲ... ਆਖ਼ਰ ਤਾਂ ਘਰ ਵਿੱਚ ਈ ਰਹਿੰਦੀ ਏ... ਪੱਥਰ ਪਾੜ ਨਜ਼ਰ ਏ ਉਹਦੀ।" ਗੁਰਜੀਤ ਗੁੱਸੇ ਵਿੱਚ ਉਬਲਦੀ ਬੁੜਬੁੜਾਈ।

ਏਨੇ ਨੂੰ ਫੋਨ ਵਜਿਆ। ਗੁਰਜੀਤ ਨੇ ਫੋਨ ਚੁਕਿਆ ਤੇ ਪ੍ਰਭਜੋਤ ਲਈ ਫੋਨ ਹੋਣ ਕਾਰਨ ਉਸ ਨੂੰ ਆਵਾਜ਼ ਲਾ ਦਿੱਤੀ। ਪ੍ਰਭਜੋਤ ਫੋਨ ਸੁਣਨ ਲੱਗੀ ਤੇ ਕੁੱਝ ਦੇਰ ਮਗਰੋਂ ਗੁਰਜੀਤ ਤੇ ਸੁਖਦੀਪ ਕੋਲ ਆ ਬੈਠੀ।

"ਹੂੰ... ਕੀ ਗੱਲ ਏ...?" ਉਸ ਨੂੰ ਇੰਜ ਬੈਠੇ ਵੇਖ ਗੁਰਜੀਤ ਖਿਝ ਜਹੀ ਗਈ।

"ਮੰਮੀ ਜੀ... ਮੈਂ ਤੁਹਾਡੇ ਤੇ ਭਾਪਾ ਜੀ ਨਾਲ ਇਕ ਖ਼ਾਸ ਗੱਲ ਕਰਨੀ ਏ।" ਉਹਨੇ ਜਵਾਬ ਦਿੱਤਾ।

"ਕੀ?" ਗੁਰਜੀਤ ਦੇ ਮੱਥੇ ਦੇ ਵੱਟ ਹੋਰ ਵੀ ਡੂੰਘੇ ਹੋ ਗਏ। ਸੁਖਦੀਪ ਸਿੰਘ ਵੀ ਉਠ ਕੇ ਬੈਠ ਗਿਆ।

"ਗੱਲ... ਇਹ ਹੈ ਕਿ ਮੇਰੇ ਤਾਇਆ ਜੀ ਦਾ ਫੋਨ ਸੀ...।"

"ਫੇਰ...?" ਗੁਰਜੀਤ ਸਵਾਲੀਆਂ ਨਜ਼ਰਾਂ ਨਾਲ ਉਸ ਨੂੰ ਘੂਰਦੀ ਹੋਈ ਬੋਲੀ।

"ਮੇਰੇ ਤਾਏ ਦਾ ਮੁੰਡਾ ਹੈ ਨਾ ਹਰਦੇਵ। ਉਹੀ ਜਿਸ ਨੇ ਐਮ.ਏ., ਬੀ.ਐੱਡ. ਕੀਤੀ ਹੋਈ ਐ...। ਉਸ ਨੂੰ ਸਰਕਾਰੀ ਨੌਕਰੀ ਮਿਲ ਗਈ ਐ। ਤੁਹਾਨੂੰ ਯਾਦ ਈ ਹੋਣੈ...। ਉਹ ਦਲਜੀਤ ਚਾਚੀ ਦੇ ਮੁੰਡੇ ਦੇ ਵਿਆਹ 'ਤੇ ਵੀ ਆਇਆ ਸੀ, ਉੱਚਾ ਲੰਮਾ, ਸੋਹਣਾ ਤੇ ਪੂਰਨ ਗੁਰਸਿੱਖ ਹੈ... ਤੇ ਸਭ ਤੋਂ ਵੱਡੀ ਗੱਲ ਉਸ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਐਬ ਨਹੀਂ... ਉਨ੍ਹਾਂ ਨੂੰ ਇਕ ਸਾਦੀ ਜਹੀ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਤਾਈ ਹੁਰਾਂ ਨੇ ਉਦੋਂ ਵਿਆਹ 'ਤੇ ਈ ਦੀਪਾ ਨੂੰ ਵੇਖਿਆ ਸੀ... ਉਨ੍ਹਾਂ ਨੂੰ ਦੀਪਾ ਪਸੰਦ ਹੈ ਤੇ ਉਹ...! ਜੇ ਤੁਹਾਡੀ ਰਜ਼ਾਮੰਦੀ ਹੋਵੇ ਤਾਂ...। ਤਾਈ ਹੁਰਾਂ ਤਾਂ ਉਦੋਂ ਵੀ ਮੇਰੇ ਨਾਲ ਗੱਲ ਕੀਤੀ ਸੀ ਤੇ ਨਾਲੇ ਕਿਹਾ ਸੀ ਪਹਿਲਾਂ ਮੁੰਡੇ ਨੂੰ ਨੌਕਰੀ ਮਿਲ ਜਾਵੇ ਫਿਰ ਤੂੰ ਸੱਸ-ਸਹੁਰੇ ਨਾਲ ਗੱਲ ਕਰੀਂ ਤੇ ਅੱਜ ਉਨ੍ਹਾਂ ਇਹੀ ਦਸਿਐ ਬਈ ਉਸ ਨੂੰ ਨੌਕਰੀ ਮਿਲ ਗਈ ਹੈ।" ਪ੍ਰਭਜੋਤ ਮੁਸਕੁਰਾਉਂਦੀ ਹੋਈ ਬੋਲੀ।

ਗੁਰਜੀਤ ਦੇ ਸੁਖਦੀਪ ਹੈਰਾਨ ਹੋਏ ਬੜੇ ਧਿਆਨ ਨਾਲ ਪ੍ਰਭਜੋਤ ਦੀ ਇਕ-ਇਕ ਗੱਲ ਸੁਣ ਰਹੇ ਸਨ। ਉਨ੍ਹਾਂ ਨੇ ਝੱਟ ਕੁਲਰਾਜ ਨਾਲ ਸਲਾਹ ਕੀਤੀ। ਉਨ੍ਹਾਂ ਨੂੰ ਇਸ ਰਿਸ਼ਤੇ ਵਿੱਚ ਕਿਸੇ ਪਾਸਿਉਂ ਵੀ ਕੋਈ ਕਮੀ ਨਜ਼ਰ ਨਾ ਆਈ ਤੇ ਉਨ੍ਹਾਂ ਨੇ ਪ੍ਰਭਜੋਤ ਨੂੰ ਕਹਿ ਕੇ ਉਨ੍ਹਾਂ ਨਾਲ ਫੋਨ



'ਤੇ ਸਾਰੀ ਗੱਲਬਾਤ ਕੀਤੀ। ਤਸੱਲੀ ਹੋ ਜਾਣ 'ਤੇ ਅਗਲੇ ਦਿਨ ਹੀ ਉਨ੍ਹਾਂ ਨੂੰ ਘਰ ਬੁਲਾ ਲਿਆ।

ਪ੍ਰਭਜੋਤ ਦਾ ਚਿਹਰਾ ਬੇਹੱਦ ਖਿੜਿਆ ਹੋਇਆ ਸੀ। ਉਹ ਪੂਰੇ ਜੋਸ਼ ਨਾਲ ਚਾਹ-ਪਾਣੀ ਮਗਰੋਂ ਰੋਟੀ ਦੇ ਪ੍ਰਬੰਧ ਵਿੱਚ ਲੱਗੀ ਰਹੀ। ਸਾਰੇ ਆਪਸ ਵਿੱਚ ਗੱਲਬਾਤ ਕਰਦੇ ਰਹੇ। ਮੁੰਡਾ ਬੇਹੱਦ ਮਿਲਣਸਾਰ ਹੋਣ ਕਾਰਨ ਆਪ ਵੀ ਹੱਸ-ਹੱਸ ਕੇ ਗੱਲਾਂ-ਬਾਤਾਂ ਕਰਦਾ ਰਿਹਾ। ਗੱਲਾਂ-ਗੱਲਾਂ ਵਿੱਚ ਹੀ ਸਾਰੀ ਗੱਲਬਾਤ ਤਹਿ ਹੋ ਗਈ ਤੇ ਉਨ੍ਹਾਂ ਨੇ ਰੋਕਾ ਲਾ ਕੇ ਕੁੜੀ ਦੀ ਝੋਲੀ ਸ਼ਗਨ ਵੀ ਪਾ ਦਿੱਤਾ। ਇਸ ਤੋਂ ਪਹਿਲਾਂ ਕਿ ਸੁਖਦੀਪ ਮੁੰਡੇ ਵਾਲਿਆਂ ਨੂੰ ਕੁੱਝ ਹੋਰ ਪੁਛਦਾ, ਮੁੰਡੇ ਦਾ ਪਿਉ ਹਸਦਿਆਂ ਬੋਲਿਆ, "ਲਉ ਜੀ ਹੁਣ ਇਹ ਸਾਡੀ ਧੀ ਹੋਈ... ਹੁਣ ਤੁਸੀਂ ਵਿਆਹ ਦੀ ਤਰੀਕ ਪੱਕੀ ਕਰੋ।"

ਲੈਣ-ਦੇਣ ਦੀ ਗੱਲਬਾਤ ਛਿੜਦਿਆਂ ਹੀ ਉਹ ਖਿੜਖਿੜਾ ਕੇ ਹਸਦਿਆਂ ਬੋਲਿਆ, "ਓਹ ਵੀਰ ਮੇਰਿਆ, ਤੂੰ ਕੁੜੀ ਦੇ ਦਿੱਤੀ ਤਾਂ ਸੱਭ ਕੁਝ ਦੇ ਤਾ। ਸਾਨੂੰ ਕੁੱਝ ਨਹੀਂ ਚਾਹੀਦਾ। ਕੰਨਿਆ ਦਾਨ ਤੋਂ ਵੱਡਾ ਹੋਰ ਕਿਹੜਾ ਦਾਨ ਹੁੰਦੈ ਭਲਾ।" ਉਸ ਦੀ ਗੱਲ ਸੁਣਦੇ ਈ ਸਾਰੇ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ।

ਏਨੇ ਵਧੀਆ ਮੁੰਡੇ ਨੂੰ ਆਪਣੇ ਜੀਵਨ ਸਾਥੀ ਦੇ ਰੂਪ ਵਿੱਚ ਪਾ ਕੇ ਦੀਪਾ ਬਹੁਤ ਹੀ ਖੁਸ਼ ਸੀ। ਜਗਤਾਰ ਤੇ ਦਲਜੀਤ ਹੈਰਾਨੀ 'ਚ ਇਕ-ਦੂਜੇ ਨੂੰ ਤੱਕ ਰਹੇ ਸੀ। ਖੁਸ਼ੀ ਦੀ ਖਬਰ ਮਿਲਦਿਆਂ ਹੀ ਬਲਜੀਤ ਵੀ ਘਰ ਵਾਲੇ ਨਾਲ ਪਹੁੰਚ ਚੁੱਕੀ ਸੀ। ਸਾਰੇ ਪਾਸੇ ਹਾਸਾ ਸੀ, ਖੁਸ਼ੀ ਤੇ ਸਿਰਫ ਖੇੜਾ ਸੀ।

ਗੁਰਜੀਤ ਹੈਰਾਨ ਹੋ ਰਹੀ ਸੀ ਕਿ ਏਨੇ ਸਾਲਾਂ ਤੋਂ ਉਨ੍ਹਾਂ ਨੇ ਦੀਪਾ ਦੇ ਰਿਸ਼ਤੇ ਲਈ ਕੀ-ਕੀ ਨਹੀਂ ਕੀਤਾ, ਕਿਥੇ-ਕਿਥੇ ਧੱਕੇ ਨਹੀਂ ਖਾਧੇ ਤੇ ਜਿਸ ਪ੍ਰਭਜੋਤ ਨੂੰ ਉਹ ਹਮੇਸ਼ਾਂ ਮਨਹੂਸ ਸਮਝਦੀ ਰਹੀ ਅੱਜ ਉਸ ਕਾਰਨ ਹੀ ਮਿੰਟਾਂ ਵਿੱਚ ਹੀ ਇਹ ਕੰਮ ਨੇਪਰੇ ਚੜ੍ਹ ਗਿਆ। ਰੱਬ ਦਾ ਸ਼ੁਕਰ ਕਰਦਿਆਂ ਉਸ ਦੀਆਂ ਅੱਖਾਂ ਭਰ ਆਈਆਂ ਤੇ ਤ੍ਰਿਪ-ਤ੍ਰਿਪ ਕਰਦੇ ਹੰਝੂ ਉਸ ਦੀਆਂ ਅੱਖਾਂ ਦੀਆਂ ਦਹਿਲੀਜ਼ਾਂ ਪਾਰ ਕੇ ਗਲ੍ਹਾਂ ਤੇ ਉਤਰਨ ਲੱਗੇ।

ਇਹ ਵੇਖ ਕੇ ਕੋਲ ਖੜੀ ਪ੍ਰਭਜੋਤ ਬੋਲੀ, 'ਕੀ ਹੋਇਆ ਮੰਮੀ ਜੀ, ਤੁਸੀਂ...?"

"ਕੁੱਝ ਨਹੀਂ ਧੀਏ, ਇਹ ਤਾਂ ਖੁਸ਼ੀ ਦੇ ਹੰਝੂ ਨੇ...।" ਕਹਿੰਦਿਆਂ ਉਸ ਨੇ ਪ੍ਰਭਜੋਤ ਨੂੰ ਘੁੱਟ ਕੇ ਗਲ ਨਾਲ ਲਾ ਲਿਆ।

**ਮਨਪ੍ਰੀਤ ਕੌਰ ਭਾਟੀਆ, ਐਮ.ਏ., ਬੀ.ਐੱਡ,**
**#42, ਗਲੀ ਨੰ.: 2, ਐਕਸਟੈਂਸ਼ਨ : 2,**
**ਕੁਦੰਨ ਨਗਰ, ਫਿਰੋਜ਼ਪੁਰ ਸ਼ਹਿਰ।**

◆◆◆

*ਮਿੰਨੀ ਕਹਾਣੀ*

## ਭਾਣਾ

**ਲੇਖਕ : ਭੀਮ ਸਿੰਘ ਗਰਚਾ**

ਇੱਕ ਚਿੱਟ-ਕੱਪੜੀਆ ਤਿਲਕਧਾਰੀ ਪੰਡਤ ਇਸ ਵੇਲੇ ਪੰਮੇਂ ਦਾ ਹੱਥ ਵੇਖਦਾ ਹੋਇਆ ਕਹਿ ਰਿਹਾ ਸੀ :"ਭਗਤਾ, ਤੇਰੇ ਤੇ ਆਉਣ ਵਾਲਾ ਸਮਾਂ ਸ਼ੁਭ ਨਹੀਂ ਐ। ਤੇਰੇ ਤੇ ਪਿੰਡ ਦੀ ਹੀ ਕੋਈ ਕੁੜੀ-ਕੱਤਰੀ ਛੇੜ-ਛਾੜ ਦਾ ਝੂਠਾ ਇਲਜ਼ਾਮ ਲਗਾ ਸਕਦੀ ਐ ਤੇ ਤੇਰੀ ਬਣੀ ਬਣਾਈ ਇੱਜ਼ਤ ਮਿੰਟਾਂ 'ਚ ਹੀ ਮਿੱਟੀ 'ਚ ਮਿਲ ਸਕਦੀ ਐ। ਬੱਸ ਇਉਂ ਸਮਝ ਲੈ, ਤੂੰ ਅਰਸ਼ ਤੋਂ ਫਰਸ਼ ਤੇ ਡਿਗਣ ਵਾਲਾ ਹੀ ਐ।" ਕੁਝ ਚਿਰ ਰੁਕਦਾ ਹੋਇਆ ਉਹ ਫਿਰ ਬੋਲਿਆ: "ਪਰ ਘਬਰਾਉਣ ਵਾਲੀ ਕੋਈ ਗੱਲ ਨਹੀਂ ਐ। ਇਕ ਉਪਾਅ ਹੋ ਸਕਦੈ। ਉਪਾਅ ਤੇ ਸਿਰਫ ਪੰਜ ਕੁ ਸੌ ਰੁਪਿਆ ਹੀ ਖਰਚ ਆਵੇਗਾ।"

ਪੰਮਾਂ ਇਸ ਵੇਲੇ ਘਰ ਵਿੱਚ ਇਕੱਲਾ ਹੀ ਸੀ। ਉਸ ਨੇ ਤਾਂ ਸਿਰਫ ਟਾਈਮ ਪਾਸ ਕਰਨ ਲਈ ਹੀ ਪੰਡਤ ਨੂੰ ਆਵਾਜ਼ ਮਾਰੀ ਸੀ, ਪਰ ਪੰਡਤ ਤਾਂ ਉਸ ਨੂੰ ਹੋਰ ਹੀ ਚੱਕਰਾਂ 'ਚ ਪਾ ਰਿਹਾ ਸੀ।

ਉਹ ਪੰਡਤ ਦੇ ਚਿਹਰੇ ਵੱਲ ਸਿੱਧਾ ਝਾਕਦਾ ਹੋਇਆ ਇੱਕ ਦਮ ਬੋਲਿਆ :- "ਪੰਡਤ ਜੀ, ਉਪਾਅ ਕਰਵਾਉਣ ਦਾ ਤਾਂ ਮੇਰਾ ਇਰਾਦਾ ਬਿੱਲਕੁਲ ਹੀ ਨਹੀਂ ਐ।"

ਸੁਣਕੇ ਪੰਡਤ ਝੱਟ ਬੋਲਿਆ: "ਫਿਰ ਤਾਂ ਭਗਤਾ, ਤੇਰੇ ਤੇ ਇਹ ਭਾਣਾ ਵਰਤੇਗਾ ਹੀ ਵਰਤੇਗਾ। ਜਾਂ ਇਉਂ ਸਮਝ ਲੈ, ਇੱਕ ਵਾਰ ਤਾਂ ਤੇਰਾ ਮੂੰਹ ਕਾਲਾ ਹੋਵੇਗਾ ਹੀ ਹੋਵੇਗਾ।"

ਸੁਣਕੇ ਪੰਮਾਂ ਆਪਣੇ ਗੁੱਸੇ ਤੇ ਕਾਬੂ ਨਾ ਰੱਖ ਸਕਿਆ। ਉਹ ਆਪਣੇ ਸਾਹਮਣੇ ਬੈਠੇ ਪੰਡਤ ਦੇ ਮੂੰਹ ਤੇ ਆਪਣੇ ਦੋਵੇਂ ਹੱਥਾਂ ਨਾਲ ਲਗਾਤਾਰ ਜ਼ੋਰ-ਜ਼ੋਰ ਨਾਲ ਚਪੇੜਾਂ ਮਾਰਨ ਲੱਗ ਪਿਆ। ਪੰਡਤ ਇੱਕ ਦਮ ਭਮੱਤਰ ਜਿਹਾ ਗਿਆ ਤੇ ਉਹ ਪੈਰਾਂ ਭਾਰ ਬੈਠਾ ਬੈਠਾ ਹੀ ਹੌਲੀ ਹੌਲੀ ਪਿੱਛੇ ਨੂੰ ਖਿਸਕਦਾ ਹੋਇਆ ਇੱਕ ਦਮ ਉੱਠਿਆ ਤੇ ਫਿਰ ਘਰੋਂ ਬਾਹਰ ਨਿਕਲਕੇ ਉਹ ਇੱਕ ਪਾਸੇ ਨੂੰ ਇਸ ਤਰਾਂ ਭੱਜ ਗਿਆ, ਜਿਵੇਂ ਉਹ ਸੌ ਮੀਟਰ ਦੀ ਦੌੜ ਲਗਾ ਰਿਹਾ ਹੋਵੇ।

ਪਰ ਪੰਡਤ ਦੀ ਆਟੇ ਵਾਲੇ ਝੋਲੀ ਤਾਂ ਉੱਥੇ ਹੀ ਪਈ ਰਹਿ ਗਈ ਸੀ।

**ਪਿੰਡ : ਰਾਏਪੁਰ ਰਾਜਪੂਤਾਂ,**
**ਡਾਕ: ਬੀੜ੍ਹਾ (ਲੁਧਿਆਣਾ)**
**ਮੋਬਾਇਲ : 98143-51394**

◆◆◆

**ਸਤਵਿੰਦਰ ਬੇਗੋਵਾਲੀਆ ਦੀਆਂ ਪ੍ਰਕਾਸ਼ਿਤ ਨਾਟਕ ਪੁਸਤਕਾਂ**

1. ਕਲਯੁਗ ਦੀ ਮੈਲ
2. ਜਬੈ ਬਾਨ ਲਾਗਿਯੋ (ਆਈ.ਸੀ. ਨੰਦਾ ਪੁਰਸਕਾਰ ਜੇਤੂ)
3. ਡਾਲਰ ਮੇਰਾ ਪੁੱਤਰ (ਪੂਰਾ ਨਾਟਕ)
4. ਜੇਠੂ ਦਾ ਕੋਠਾ
5. ਗ੍ਰਹਿਸਤ ਦਾ ਗੱਡਾ



# ਨਿਬੰਧ

## ਨਹਿਰੂ ਤੋਂ ਮੋਦੀ ਤੱਕ

**ਦਰਸ਼ਨ ਸਿੰਘ ਰਿਆੜ**



ਭਾਰਤ ਵਰਸ਼ ਨੂੰ ਆਜ਼ਾਦ ਹੋਇਆ ਅਠਾਹਠ ਸਾਲ ਹੋ ਗਏ ਹਨ। ਇਹ ਸਮਾਂ ਥੋੜ੍ਹਾ ਨਹੀਂ ਕਿਹਾ ਜਾ ਸਕਦਾ? ਏਨੇ ਸਮੇਂ ਵਿੱਚ ਹੀ ਆਜ਼ਾਦ ਹੋਇਆ ਚੀਨ ਅੱਜ ਵਿਸ਼ਵ ਦੀ ਆਰਥਿਕਤਾ ਉੱਪਰ ਛਾਇਆ ਹੋਇਆ ਹੈ। ਉਹਦਾ ਬਣਾਇਆ ਹੋਇਆ ਮਾਲ ਅੱਜ ਹਰ ਦੇਸ਼ ਵਿੱਚ ਉਪਲੱਬਧ ਹੈ ਪਰ ਸਾਡਾ ਢਾਂਚਾ ਉਸ ਨਾਲੋਂ ਬਹੁਤ ਪਛੜਿਆ ਹੋਇਆ ਹੈ। ਹਾਲਾਂਕਿ ਬਹੁਤੀ ਆਬਾਦੀ ਵੀ ਹੁਣ ਤੱਕ ਚੀਨ ਤੇ ਵੱਡਾ ਬੋਝ ਬਣੀ ਨਜ਼ਰ ਆਉਂਦੀ ਸੀ ਜਿਸ ਤੇ ਕੰਟਰੋਲ ਕਰਨ ਲਈ ਉਨ੍ਹਾਂ ਨੇ ਸਖਤੀ ਨਾਲ ਇਕ ਬੱਚੇ ਦੇ ਸਿਧਾਂਤ ਤੇ ਪਹਿਰਾ ਦਿੱਤਾ ਅਤੇ ਆਬਾਦੀ ਦੇ ਵਾਧੇ ਤੇ ਯੋਗ ਰੋਕ ਲਗਾਉਣ ਵਿੱਚ ਸਫਲ ਹੋ ਗਏ। ਸਰਕਾਰ ਦੀ ਵਚਨਬੱਧਤਾ ਅਤੇ ਦ੍ਰਿੜ ਇੱਛਾ ਸ਼ਕਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਚੀਨ ਦੇ ਐਨ ਉਲਟ ਸਾਡੇ ਦੇਸ਼ ਵਿੱਚ ਲੋਕਤੰਤਰੀ ਸਰਕਾਰ ਹੈ। ਸਾਡੇ ਭਾਰਤ ਨੂੰ ਇਸ ਸਮੇਂ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਵੀ ਹਾਸਲ ਹੈ। ਆਜ਼ਾਦੀ ਵੱਲੋਂ ਦੀ ਸਾਡੀ ਆਬਾਦੀ ਤੇਤੀ ਕੁ ਕਰੋੜ ਤੋਂ ਵੱਧ ਕੇ ਇਕ ਸੌ ਪੰਜੀ ਕਰੋੜ ਤੋਂ ਵੀ ਵੱਧ ਗਈ ਹੈ। ਵਿਸ਼ਵ ਵਿੱਚ ਸਾਡਾ ਹੁਣ ਦੂਸਰਾ ਨੰਬਰ ਹੈ। ਵਧਦੀ ਹੋਈ ਮੈਨ ਪਾਵਰ ਨਾਲ ਸਾਡੇ ਦੇਸ਼ ਨੇ ਮਜ਼ਦੂਰਾਂ ਦੀ ਵੱਡੀ ਗਿਣਤੀ ਪੈਦਾ ਕਰ ਦਿੱਤੀ ਹੈ। ਵਿਦਿਆ, ਅਕਾਦਮਿਕ, ਤਕਨੀਕੀ ਅਤੇ ਕਿੱਤਾ ਮੁੱਖੀ ਬਹੁਤ ਮਹਿੰਗੀ ਹੋਣ ਕਰਕੇ ਭਾਰਤ ਦੇ ਆਮ ਗਰੀਬਾਂ ਦੇ ਵੱਸ ਦਾ ਰੋਗ ਨਹੀਂ ਰਹੀ। ਨਾ ਹੀ ਸਰਕਾਰਾਂ ਨੇ ਵਚਨਬੱਧਤਾ ਨਾਲ ਵਿਦਿਆ ਦਾ ਪੱਧਰ ਉੱਚਾ ਚੁੱਕਣ ਅਤੇ ਇਹਨੂੰ ਸਸਤਾ ਰੱਖਣ ਲਈ ਉਪਰਾਲੇ ਕੀਤੇ ਹਨ ਅਤੇ ਨਾ ਹੀ ਇਹਨੇ ਯੋਗ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਹਨ। ਵੱਧਦੀ ਹੋਈ ਮਹਿੰਗਾਈ ਦੇ ਫਲਸਰੂਪ, ਭਾਰਤ ਦੀ ਜਵਾਨੀ ਤੇਜ਼ੀ ਨਾਲ ਮਜ਼ਦੂਰਾਂ ਅਤੇ ਹੁਨਰਮੰਦ ਕਾਮਿਆਂ ਵਜੋਂ ਖਾੜੀ ਦੇਸ਼ਾਂ ਵੱਲ ਮੁਹਾਰਾਂ ਮੋੜ ਰਹੀ ਹੈ। ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਹੋਰ ਪੱਛਮੀ ਤੇ ਯੂਰਪੀ ਦੇਸ਼ਾਂ ਵਿੱਚ ਪ੍ਰਵਾਸ ਕਰਨ ਲਈ ਭਾਰਤ ਦਾ ਨੌਜਵਾਨ ਵਿਦਿਆਰਥੀ ਹੁਣ ਪੜ੍ਹਾਈ ਦੇ ਬਹਾਨੇ ਇਨ੍ਹਾਂ ਦੇਸ਼ਾਂ ਵੱਲ ਦੌੜ ਰਿਹਾ ਹੈ। ਉਥੇ ਜਾਕੇ ਵੀ ਜ਼ਿਆਦਾਤਰ ਵਿਦਿਆਰਥੀ ਮਜ਼ਦੂਰੀ ਦਾ ਸਹਾਰਾ ਹੀ ਲੈਂਦੇ ਹਨ। ਬਹੁਤ ਘੱਟ ਹੀ ਖੁਸ਼ਕਿਸਮਤ ਅਜਿਹੇ ਹੋਣਗੇ ਜਿੰਨਾ ਨੂੰ ਯੋਗਤਾ ਅਨੁਸਾਰ ਨੌਕਰੀਆਂ ਮਿਲ ਜਾਂਦੀਆਂ ਹੋਣਗੀਆਂ।

ਉਂਜ 1975 ਵਿੱਚ ਐਮਰਜੈਂਸੀ ਦੇ ਸਮੇਂ ਦੌਰਾਨ ਭਾਰਤ ਦੀ ਸਰਕਾਰ ਨੇ ਅਬਾਦੀ ਦਾ ਬੇਲੋੜਾ ਵਾਧਾ ਰੋਕਣ ਲਈ ਜਬਰੀ ਨਸਬੰਦੀ ਦਾ ਫਾਰਮੂਲਾ ਵੀ ਅਪਣਾਇਆ ਸੀ। ਪਰ ਅਫ਼ਸਰਸ਼ਾਹੀ ਅਤੇ ਕੁਝ ਨੇਤਾਵਾਂ ਨੇ ਵਾਹਵਾ ਖੱਟਣ ਲਈ ਟੀਚੇ ਨਿਰਧਾਰਤ ਕਰਕੇ ਜ਼ਿਆਦਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਸ ਨਾਲ ਗਲਤ ਢੰਗ ਤਰੀਕੇ ਵਰਤੇ ਗਏ ਅਤੇ ਲੋਕਾਂ ਵਿੱਚ ਜਰਬਦਸਤ ਰੋਹ ਪੈਦਾ ਹੋ ਗਿਆ। ਐਮਰਜੈਂਸੀ ਦਾ ਵਿਰੋਧ ਕਰਨ ਵਾਲੀ

ਵਿਰੋਧੀ ਪਾਰਟੀ ਲਈ ਸਰਕਾਰ ਦਾ ਇਹ ਕਦਮ ਸੋਨੇ ਤੇ ਸੁਹਾਗਾ ਬਣ ਕੇ ਬਹੁੜਿਆ। ਨਤੀਜੇ ਵਜੋਂ 1977 ਵਿੱਚ ਹੋਈਆਂ ਚੋਣਾਂ ਦੌਰਾਨ ਰਾਜ ਚਲਾ ਰਹੀ ਕਾਂਗਰਸ ਪਾਰਟੀ ਨੂੰ ਨਮੋਸ਼ੀ ਭਰੀ ਹਾਰ ਹੋਈ ਅਤੇ ਆਜ਼ਾਦ ਭਾਰਤ ਵਿੱਚ ਪਹਿਲੀ ਵਾਰ ਵਿਰੋਧੀ ਦਲਾਂ ਦੀ ਮਜ਼ਬੂਤ ਸਰਕਾਰ ਉਭਰ ਕੇ ਸਾਹਮਣੇ ਆਈ। ਸਾਡੇ ਲੋਕਤੰਤਰ ਵਿੱਚ ਇਹ ਵੀ ਇੱਕ ਮੁੱਖ ਖਾਮੀ ਹੈ ਕਿ ਸੱਤਾ ਤੇ ਕਾਬਜ ਹੋਣ ਲਈ ਪਾਰਟੀਆਂ ਹੁਣ ਠੀਕ ਕਦਮਾਂ ਨੂੰ ਵੀ ਗਲਤ ਢੰਗ ਨਾਲ ਪੇਸ਼ ਕਰਕੇ ਆਪਣਾ ਉੱਲੂ ਸਿੱਧ ਕਰਨੋਂ ਬਾਜ ਨਹੀਂ ਆਉਂਦੀਆਂ। ਹਾਲਾਂ ਕਿ ਆਬਾਦੀ ਦਾ ਬੇਲੋੜਾ ਵਾਧਾ ਰੋਕਣ ਲਈ ਜਰੂਰੀ ਨਸਬੰਦੀ ਦਾ ਕਦਮ ਇੱਕ ਸੁਚਾਰੂ ਢੰਗ ਸੀ ਬਸ਼ਰਤੇ ਉਸ ਵਿੱਚ ਵਧੀਕੀਆਂ ਅਤੇ ਫੋਕੀ ਵਾਹਵਾ ਲਈ ਟੀਚੇ ਮੁਕੱਰਰ ਨਾ ਕੀਤੇ ਜਾਂਦੇ। ਸਖਤ ਕਦਮ ਪੁੱਟਣ ਲਈ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨ ਲਈ ਪ੍ਰੇਰਨਾ ਵੀ ਜ਼ੁਰਰੀ ਹੁੰਦੀ ਹੈ ਪਰ ਤਾਕਤ ਦੇ ਨਸ਼ੇ ਵਿੱਚ ਸਰਕਾਰਾਂ ਇਹ ਵੀ ਪ੍ਰਵਾਹ ਨਹੀਂ ਕਰਦੀਆਂ। ਜਦੋਂ ਤਾਕਤ ਖੁੱਸਦੀ ਹੈ ਉਦੋਂ ਹੀ ਉਨ੍ਹਾਂ ਨੂੰ ਗਲਤੀ ਦਾ ਅਹਿਸਾਸ ਹੁੰਦਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਜਦੋਂ ਆਜ਼ਾਦੀ ਉਪਰੰਤ ਦੇਸ਼ ਦੀ ਵਾਗਡੋਰ ਸੰਭਾਲੀ ਸੀ ਉਦੋਂ ਦੇਸ਼ ਦੀ ਹਾਲਤ ਬਹੁਤ ਪਤਲੀ ਸੀ ਪਰ ਲੋਕਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਚਰਨ ਸੀਮਾਂ ਤੇ ਸੀ। ਪੰਡਿਤ ਨਹਿਰੂ ਨੇ ਆਪਣੀ ਸੂਝਬੂਝ ਸਦਕਾ ਮਿਸ਼ਰਤ ਅਰਥ ਵਿਵਸਥਾ ਅਪਣਾ ਕੇ ਗੁੱਟਬੰਦੀ ਤੋਂ ਬੱਚਣ ਦਾ ਯਤਨ ਕੀਤਾ। ਸੋਵੀਅਤ ਰੂਸ ਨਾਲ ਨੇੜਤਾ ਕਾਇਮ ਕਰਕੇ ਉਨ੍ਹਾਂ ਨੇ ਸਮਾਜਵਾਦ ਦਾ ਹੋਕਾ ਵੀ ਦਿੱਤਾ ਅਤੇ ਦੇਸ਼ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਭਾਖੜਾ ਡੈਮ ਵਰਗੇ ਬਹੁ ਉਦੇਸ਼ੀ ਪ੍ਰੋਜੈਕਟ ਵੀ ਸਥਾਪਤ ਕੀਤੇ। ਨਿਧੱੜਕ ਅਤੇ ਲੋਹਪੁਰਸ਼ ਵਜੋਂ ਜਾਣੇ ਜਾਂਦੇ ਭਾਰਤ ਦੇ ਗ੍ਰਹਿਮੰਤਰੀ ਸਰਦਾਰ ਪਟੇਲ ਨੇ ਬੜੀ ਸੂਝਬੂਝ ਨਾਲ ਛੇ ਸੌ ਦੇ ਕਰੀਬ ਰਿਆਸਤਾਂ ਵਿੱਚ ਖਿੰਡੇ ਹੋਏ ਭਾਰਤ ਨੂੰ ਇਕੱਠਿਆਂ ਕੀਤਾ। ਜੰਮੂ ਅਤੇ ਕਸ਼ਮੀਰ ਦੇ ਮਾਮਲੇ ਵਿੱਚ ਜ਼ਰੂਰ ਕੁਝ ਮੱਦਾਂ ਅਜਿਹੀਆਂ ਰਹਿ ਗਈਆਂ ਜਿੰਨਾਂ ਕਾਰਨ ਪਾਕਿਸਤਾਨ ਨਾਲ ਲੜਾਈਆਂ ਵੀ ਹੋਈਆਂ ਤੇ ਫਿਰ ਅਤਿਵਾਦੀ ਗਤੀਵਿਧੀਆਂ ਪਨਪਦੀਆਂ ਰਹਿੰਦੀਆਂ ਹਨ। ਪੰਡਿਤ ਨਹਿਰੂ ਨੇ ਸ਼ਾਂਤੀ ਦਾ ਪ੍ਰਚਾਰ ਕਰਦੇ ਹੋਏ ਵਿਸ਼ਵ ਨੂੰ 'ਪੰਚਸ਼ੀਲ' ਦਾ ਸਿਧਾਂਤ ਦੇ ਕੇ ਕਿਸੇ ਵੀ ਦੇਸ਼ ਨੂੰ ਦੂਜੇ ਦੇਸ਼ ਦੀਆਂ ਸਰਹੱਦਾਂ ਦੀ ਉਲੰਘਣਾ ਨਾ ਕਰਨ ਦਾ ਸੰਦੇਸ਼ ਦਿੱਤਾ ਸੀ।

ਪਰ ਜਦੋਂ 1962 ਵਿੱਚ ਚੀਨ ਨੇ ਲੇਹ ਲਦਾਖ ਖੇਤਰ ਵਿੱਚ ਹਮਲਾ ਕਰਕੇ ਭਾਰਤ ਦੇ ਵੱਡੇ ਇਲਾਕੇ ਤੇ ਕਬਜਾ ਕਰਕੇ ਪਿੱਠ ਵਿੱਚ ਛੁਰਾ ਮਾਰਿਆ ਤਾਂ ਪੰਡਿਤ ਨਹਿਰੂ ਨੂੰ ਵਿਸ਼ਵ ਡਿਪਲੋਮੇਸੀ ਦਾ ਅਹਿਸਾਸ ਹੋਇਆ। ਨਹਿਰੂ ਸ਼ਾਇਦ ਆਪਣੀ ਇਸ ਭੁੱਲ ਨੂੰ ਬਰਦਾਸ਼ਤ ਨਹੀਂ ਸਨ ਕਰ ਸਕੇ। 1964 ਵਿੱਚ ਪੰਡਿਤ ਨਹਿਰੂ ਦੇ ਦਿਹਾਂਤ ਉਪਰੰਤ ਭਾਰਤ ਨੂੰ ਇੱਕ ਹੋਰ ਲੋਹ ਪੁਰਸ਼ ਨੇਤਾ ਲਾਲ ਬਹਾਦਰ ਸ਼ਾਸਤਰੀ ਦੇ ਰੂਪ ਵਿੱਚ ਮਿਲਿਆ। ਇਹ ਉਹੀ ਨੇਤਾ ਸਨ ਜਿਨ੍ਹਾਂ ਦੇ ਰੇਲਵੇ ਮੰਤਰੀ ਹੁੰਦਿਆਂ ਹੋਇਆ ਹੋਈ ਰੇਲ ਦੁਰਘਟਨਾ ਕਾਰਨ, ਜ਼ਿੰਮੇਵਾਰੀ ਲੈਂਦਿਆਂ ਉਨ੍ਹਾਂ ਨੇ ਤੁਰੰਤ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਉਨ੍ਹਾਂ ਦੇ ਛੋਟੇ ਜਿਹੇ ਕਾਰਜਕਾਲ ਦੌਰਾਨ ਦੇਸ਼ ਵਿੱਚ ਅਨਾਜ ਦੀ ਵੱਡੀ ਕਮੀ ਹੋ ਗਈ ਅਤੇ ਪਾਕਿਸਤਾਨ ਨਾਲ 1965 ਦੀ ਜੰਗ ਵੀ ਛਿੜ ਪਈ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ 'ਜੈ ਜਵਾਨ ਅਤੇ ਜੈ ਕਿਸਾਨ' ਦਾ ਨਾਅਰਾ ਦੇ ਕੇ ਯੁੱਧ ਵਿੱਚ ਵੀ ਸਫ਼ਲਤਾ ਪ੍ਰਾਪਤ ਕੀਤੀ ਅਤੇ ਅਨਾਜ ਉਤਪਾਦਨ ਲਈ ਹਰੀ ਕ੍ਰਾਂਤੀ ਦਾ ਬੀਜ ਵੀ ਬੀਜ ਦਿੱਤਾ। ਜਨਵਰੀ 1966 ਦੌਰਾਨ ਹਿੰਦ-ਪਾਕਿ ਯੁੱਧ ਉਪਰੰਤ ਰੂਸ ਵਿੱਚ ਤਾਸ਼ਕੰਦ ਵਿਖੇ ਹੋਏ ਸਮਝੌਤੇ ਤਹਿਤ ਉਹ ਦੇਸ਼ ਵਾਸੀਆਂ



ਨੂੰ ਵਿਛੋੜਾ ਦੇ ਗਏ। ਉਨ੍ਹਾਂ ਦੇ ਵਿਛੋੜੇ ਦਾ ਕਾਰਨ ਭੇਦ ਹੀ ਬਣਿਆ ਰਿਹਾ।

ਸ੍ਰੀਮਤੀ ਇੰਦਰਾ ਗਾਂਧੀ ਨੇ 1966 ਤੋਂ 1977 ਤੱਕ ਅਤੇ ਫਿਰ 1980 ਤੋਂ 1984 ਤੱਕ ਦੇਸ਼ ਦੀ ਵਾਗਡੋਰ ਸੰਭਾਲੀ ਸੀ। ਉਹਦੀ ਦੇਸ਼ ਲਈ ਮਹਾਨ ਦੇਣ 1969 ਵਿੱਚ ਮੁੱਖ ਬੈਂਕਾਂ ਦਾ ਕੌਮੀਕਰਣ ਕਰਨਾ ਸੀ। ਗਰੀਬੀ ਹਟਾਓ ਦੇ ਨਾਅਰੇ ਅਤੇ ਨੀਤੀਆਂ ਤਾਂ ਚੱਲਦੀਆਂ ਰਹੀਆਂ ਸਨ ਪਰ ਗਰੀਬੀ ਮੁੱਕਣ ਦੀ ਬਿਜਾਏ ਵਧਦੀ ਹੀ ਗਈ। ਹੁਣ ਵੀ ਦੇਸ਼ ਦੀ ਚਲੀ ਫੀਸਦੀ ਅਬਾਦੀ ਗਰੀਬੀ ਪੱਧਰ ਤੋਂ ਹੇਠਾਂ ਹੈ ਉਂਜ ਨੀਤੀਆਂ ਘੜਨ ਵਾਲੇ ਕਦੇ ਛੱਬੀ ਰੁਪਏ ਰੋਜ ਖਰਚਣ ਵਾਲੇ ਨੂੰ ਅਤੇ ਕਦੇ ਬੱਤੀ ਰੁਪਏ ਖਰਚਣ ਵਾਲੇ ਨੂੰ ਗਰੀਬ ਨਹੀਂ ਮੰਨਦੇ ਹਾਲਾਂਕਿ ਏਨੇ ਪੈਸਿਆਂ ਨਾਲ ਇੱਕ ਲਿਟਰ ਦੁੱਧ ਵੀ ਨਹੀਂ ਆਉਂਦਾ। ਇੰਦਰਾ ਸਰਕਾਰ ਵੇਲੇ ਹੀ 1974 ਵਿੱਚ ਭਾਰਤ ਨੇ ਪੋਖਰਾਨ ਵਿਖੇ ਪਹਿਲਾਂ ਪ੍ਰਮਾਣੂ ਧਮਾਕਾ ਕਰਕੇ ਅਹਿਮ ਪ੍ਰਾਪਤੀ ਵੀ ਕੀਤੀ ਸੀ। ਪਰ ਜੂਨ 1975 ਵਿੱਚ ਲਗਾਈ ਗਈ ਐਮਰਜੈਂਸੀ, ਜਿਸ ਦੌਰਾਨ ਸਮੁੱਚੀ ਵਿਰੋਧੀ ਧਿਰ ਹੀ ਜੇਲ੍ਹਾਂ ਵਿੱਚ ਬੰਦ ਕਰ ਦਿੱਤੀ ਗਈ ਸੀ, ਸਰਕਾਰ ਨੂੰ ਬਹੁਤ ਮਹਿੰਗੀ ਪਈ ਸੀ ਤੇ 1977 ਵਿੱਚ ਤਾਕਤ ਹੀਣ ਹੋ ਕੇ ਇੰਦਰਾਗਾਂਧੀ ਨੂੰ ਜੇਲ੍ਹ ਵੀ ਜਾਣਾ ਪਿਆ ਸੀ। ਵਿਰੋਧੀ ਏਕੇ ਨੇ 1977 ਵਿੱਚ ਜੈ ਪ੍ਰਕਾਸ਼ ਨਰਾਇਣ ਦੀ ਸਰਪ੍ਰਸਤੀ ਅਧੀਨ ਵਿੱਢੇ ਗਏ ਸੰਘਰਸ਼ ਉਪਰੰਤ ਮੋਰਾਰ ਜੀ ਦੇਸਾਈ ਨੂੰ ਜਨਤਾ ਦਲ ਦੇ ਲੀਡਰ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਨਿਵਾਜਿਆ ਸੀ। ਪਰ ਦੋ ਢਾਈ ਸਾਲਾਂ ਦੇ ਸਮੇਂ ਦੌਰਾਨ ਹੀ ਇਹ ਵਿਰੋਧੀ ਏਕਾ ਖਿੰਡ ਪੁੰਡ ਗਿਆ ਅਤੇ 1980 ਵਿੱਚ ਫਿਰ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣ ਗਈ।... ਫਿਰ ਦੇਸ਼ ਵਿੱਚ ਅੱਤਵਾਦ ਦਾ ਦੌਰ ਆਰੰਭ ਹੋ ਗਿਆ। ਜੂਨ 1984 ਵਿੱਚ ਇੰਦਰਾ ਸਰਕਾਰ ਵੇਲੇ ਪੰਜਾਬ ਵਿੱਚ ਨੀਲਾ ਤਾਰਾ ਅਪ੍ਰੇਸ਼ਨ ਨਾਂ ਦੀ ਹਿਰਦੇਵੇਧਕ ਘਟਨਾ ਘਟੀ ਜੋ ਸਿਆਸੀ ਸੂਝ-ਬੂਝ ਨਾਲ ਟਾਲੀ ਵੀ ਜਾ ਸਕਦੀ ਸੀ ਤੇ ਫਿਰ ਏਸੇ ਦੇ ਪ੍ਰਤੀਕਰਮ ਵਜੋਂ ਹੀ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਜਿਸ ਉਪਰੰਤ ਭੜਕੇ ਦੰਗਿਆਂ ਦੌਰਾਨ ਅਨੇਕਾਂ ਹੀ ਬੇਗੁਨਾਹਾਂ ਸਿੱਖਾਂ ਅਤੇ ਪੰਜਾਬੀਆਂ ਦਾ ਖੂਨ ਡੁਲ੍ਹਿਆ। ....ਇਨ੍ਹਾਂ ਦੰਗਿਆਂ ਦੇ ਰਿਸਦੇ ਜਖਮ ਅਜੇ ਵੀ ਕਈ ਸੁਆਲ ਖੜ੍ਹੇ ਕਰ ਜਾਂਦੇ ਹਨ ਤੇ ਫਿਰ ਘਟੀਆ ਸਿਆਸਤ ਵੀ ਸ਼ੁਰੂ ਹੋ ਜਾਂਦੀ ਹੈ ਪਰ ਬੇਦੋਸ਼ਿਆਂ ਨੂੰ ਇਨਸਾਫ ਹਾਲੇ ਵੀ ਇੱਕ ਪਹੇਲੀ ਬਣਿਆ ਹੋਇਆ ਹੈ।

ਦੇਸ਼ ਵਾਸੀਆਂ ਨੇ ਰਾਜੀਵ ਗਾਂਧੀ ਨੂੰ ਵੀ ਤੱਕੜਾ ਬਹੁਮੱਤ ਦੇ ਕੇ ਸਰਕਾਰ ਬਣਾਉਣ ਤੇ ਚਲਾਉਣ ਦਾ ਮੌਕਾ ਪ੍ਰਦਾਨ ਕੀਤਾ। ਉਨ੍ਹਾਂ ਨੇ ਪੰਜਾਬ ਵਿੱਚ ਸ਼ਾਂਤੀ ਕਾਇਮ ਕਰਨ ਲਈ ਰਜੀਵ-ਲੌਂਗੋਵਾਲ ਸਮਝੌਤਾ ਵੀ ਕੀਤਾ ਜਿਸ ਅਧੀਨ ਪੰਜਾਬ ਵਿੱਚ ਬਰਨਾਲਾ ਸਰਕਾਰ ਵੀ ਕਾਇਮ ਹੋ ਗਈ ਅਤੇ ਪੰਜਾਬ ਨੂੰ ਰੇਲ ਕੋਚ ਫੈਕਟਰੀ ਕਪੂਰਥਲਾ ਦਾ ਪ੍ਰੋਜੈਕਟ ਵੀ ਮਿਲਿਆ ਪਰ ਇਸ ਸਮਝੌਤੇ ਦੀਆਂ ਅਹਿਮ ਮੱਦਾਂ ਸਿਰੇ ਨਾ ਚੜ੍ਹੀਆਂ। ਪੀ.ਵੀ. ਨਰਸਿਮ੍ਹਾ ਰਾਓ ਦੀ ਘੱਟ ਗਿਣਤੀ ਸਰਕਾਰ ਕਾਰਜਕਾਲ ਪੂਰਾ ਕਰਨ ਵਾਲੀ ਪਹਿਲੀ ਸਰਕਾਰ ਬਣ ਗਈ। ਫਿਰ ਕਈ ਥੁੜ ਚਿਰੀ ਸਰਕਾਰਾਂ ਬਣੀਆਂ। ਵੀ ਪੀ ਸਿੰਘ ਸਰਕਾਰ ਦੌਰਾਨ ਮੰਡਲ ਕਮਿਸ਼ਨ ਦਾ ਰਾਮ ਰੌਲਾ ਮੱਚਿਆ। ਸਤਾਈ ਫੀਸਦੀ ਰਿਜਰਵੇਸ਼ਨ ਨੇ ਦੇਸ਼ ਵਿਆਪੀ ਅੰਦੋਲਨ ਛੇੜ ਦਿਤਾ ਤੇ ਅਖੀਰ ਸਰਕਾਰ ਦਾ ਹੀ ਭੋਗ ਪੈ ਗਿਆ। ਦੇਵਗੋੜਾ, ਚੰਦਰ ਸ਼ੇਖਰ, ਇੰਦਰ ਕੁਮਾਰ ਗੁਜਰਾਲ ਵਰਗੇ ਪ੍ਰਦਾਨ ਮੰਤਰੀ ਵੀ ਦੇਸ਼ ਨੂੰ ਮਿਲੇ। ਚੰਦਰ ਸ਼ੇਖਰ ਸਰਕਾਰ ਵੇਲੇ ਤਾਂ ਦੇਸ਼ ਦੀ ਸ਼ਾਖ ਬਚਾਉਣ ਲਈ ਦੇਸ਼ ਦਾ ਸੋਨਾ ਵੀ ਵਿਦੇਸ਼ੀ ਬੈਂਕਾਂ ਵਿੱਚ ਗਿਰਵੀ ਰੱਖਣ ਦੀ ਨੌਬਿਤ ਆ ਗਈ ਤੇ ਦੇਸ਼ ਦੀ ਕਿਰਕਿਰੀ ਵੀ ਹੋਈ।

ਕਾਫੀ ਦੇਰ ਬਾਅਦ ਐਨ.ਡੀ.ਏ. ਸਰਕਾਰ ਅਟੱਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ 1999 ਤੋਂ 2004 ਤੱਕ ਆਪਣਾ ਕਾਰਜਕਾਲ ਪੂਰਾ ਕਰਨ ਵਿੱਚ ਸਫਲ ਹੋਈ। ਵਾਜਪਾਈ ਆਪਣਾ ਵੱਡਾ ਕਾਫਲਾ ਲੈ ਕੇ ਬੱਸ ਰਾਹੀਂ ਲਾਹੌਰ ਪੁੱਜੇ ਅਤੇ ਜਮਾਂਦਰੂ ਦੁਸ਼ਮਣ ਪਾਕਿਸਤਾਨ ਦੀ ਨਵਾਜ਼ ਸ਼ਰੀਫ ਸਰਕਾਰ ਨਾਲ ਸਬੰਧ ਸੁਧਾਰਨ ਦੀ ਪਹਿਲ ਕਦਮੀ ਕੀਤੀ ਅਤੇ ਭਰਪੂਰ ਗਰਮ ਜੋਸ਼ੀ ਵਿਖਾਈ। ਪਰ ਨਵਾਜ਼ ਸ਼ਰੀਫ ਦੇ ਜਨਰਲ ਪ੍ਰਵੇਜ਼ ਮੁਸ਼ਰਫ ਨੇ ਸਮਝੌਤੇ ਦੀਆਂ ਮੱਦਾਂ ਦੀ ਸਿਆਹੀ ਵੀ ਨਾ ਸੁੱਕਣ ਦਿੱਤੀ ਅਤੇ ਕਾਰਗਿਲ ਸੈਕਟਰ ਵਿੱਚ ਘੁਸਪੈਠ ਕਰਕੇ 1962 ਵੇਲੇ ਦੇ ਚੀਨੀ ਹਮਲੇ ਵਾਂਗ ਹੀ ਪਿੱਠ ਵਿੱਚ ਫਿਰ ਛੁਰਾ ਮਾਰ ਦਿੱਤਾ। ਵਾਜਪਾਈ ਦਾ ਪੰਜ ਸਾਲ ਦਾ ਕਾਰਜਕਾਲ ਠੀਕ ਠੀਕ ਗੁਜਰ ਗਿਆ। 2004 ਵਿੱਚ ਚੋਣਾਂ ਵਿੱਚ ਸਫਲਤਾ ਦਾ ਬਿਗਲ ਵਜਾਉਣ ਲਈ ਉਨ੍ਹਾਂ ਨੇ ਸ਼ਾਈਨਿੰਗ ਇੰਡੀਆ ਦਾ ਇਮੇਜ਼ ਪੇਸ਼ ਕਰਕੇ ਦੇਸ਼ ਵਾਸੀਆਂ ਨੂੰ ਰੀਝਾਉਣ ਦੀ ਕੋਸ਼ਿਸ਼ ਕੀਤੀ ਜੋ ਨਾਕਾਮ ਹੋ ਗਈ। ਫਿਰ ਦੇਸ਼ ਨੂੰ ਸਾਊ ਦਿੱਖ ਵਾਲੇ ਆਰਥਿਕ ਨੀਤੀਆਂ ਦੇ ਵਿਸ਼ਲੇਸ਼ਣ ਕਾਰ ਅਤੇ ਮੰਦੇ ਦੀ ਪ੍ਰਵਿਰਤੀ ਚੋਂ ਨਰਸਿਮਹਾ ਸਰਕਾਰ ਵੇਲੇ ਉਭਾਰਨ ਵਾਲਾ ਮਨਮੋਹਨ ਸਿੰਘ ਯੂਪੀਏ ਸਰਕਾਰ ਦੇ ਮੁੱਖੀ ਵਜੋਂ ਮਿਲਿਆ।

ਯੂਪੀਏ ਇੱਕ ਅਤੇ ਦੋ ਦਸ ਸਾਲ ਸੱਤਾ ਤੇ ਕਾਬਜ ਰਿਹਾ। ਇਸ ਦੌਰਾਨ ਦਿੱਲੀ ਵਿੱਚ ਕਾਮਨਵੈਲਥ ਗੇਮਜ ਵੀ ਹੋਈਆਂ ਅਤੇ ਘਪਲਿਆਂ ਘੋਟਾਲਿਆਂ ਦਾ ਦੌਰ ਵੀ ਚਮਕਿਆ। ਕਦੇ ਕੋਇਲਾ ਘੁਟਾਲਾ ਅਤੇ ਕਦੇ ਟੂ ਜੀ ਸਪੈਕਟਰਮ ਘੋਟਾਲਾ। ਜਿੰਨਾ ਸਾਊ ਪ੍ਰਧਾਨ ਮੰਤਰੀ ਸੀ ਓਨੇ ਹੀ ਘੁਟਾਲੇ ਉਹਦਾ ਅਕਸ ਵਿਗਾੜਦੇ ਨਜ਼ਰ ਆਏ। ਉਨ੍ਹਾਂ ਦੀ ਆਪਣੀ ਸਖਸ਼ੀਅਤ ਤਾਂ ਬੇਦਾਗ ਰਹੀ ਸਗੋਂ ਖੱਬੇ ਪੱਖੀਆਂ ਦੇ ਤੋੜ ਵਿਛੋੜੇ ਕਾਰਨ ਉਹ ਅਮਰੀਕਾ ਨਾਲ ਦੇਸ਼ ਹਿੱਤ ਵਿੱਚ ਪ੍ਰਮਾਣੂ ਕਰਾਰ ਕਰਨ ਵਿੱਚ ਸਫਲ ਰਿਹਾ। ਦੂਸਰੇ ਕਾਰਜਕਾਲ ਦੇ ਅੰਤ ਵਿੱਚ ਖਾਧ ਸੁਰੱਖਿਆ ਕਾਨੂੰਨ ਅਤੇ ਲੋਕਪਾਲ ਬਿੱਲ ਪਾਸ ਕਰਕੇ ਉਨ੍ਹਾਂ ਨੇ ਸ਼ਲਾਘਾਯੋਗ ਕੰਮ ਵੀ ਕੀਤੇ ਪ੍ਰੰਤੂ ਗੈਰ ਸਿਆਸੀ ਪਿੱਠ ਭੂਮੀ ਅਤੇ ਪਾਰਟੀ ਵੱਲੋਂ ਮੁਕੰਮਲ ਹੁੰਗਾਰਾ ਨਾ ਮਿਲਣ ਕਾਰਨ ਉਨ੍ਹਾਂ ਦੀਆਂ ਸਫਲ ਨੀਤੀਆਂ ਵੀ ਆਮ ਲੋਕਾਂ ਤੱਕ ਨਹੀਂ ਪਹੁੰਚ ਸਕੀਆਂ। ਭ੍ਰਿਸ਼ਟਾਚਾਰ ਦੇ ਰੌਲੇ-ਗੌਲੇ ਨੇ ਇਸ ਸਰਕਾਰ ਦਾ ਅਕਸ ਧੁੰਦਲਾ ਕਰ ਦਿੱਤਾ ਅਤੇ ਨਰਿੰਦਰ ਮੋਦੀ ਦੇ ਯੋਗ ਤਕਨੀਕੀ ਅਤੇ ਮੀਡੀਆ ਪ੍ਰਚਾਰ ਮੂਹਰੇ ਰਾਹੁਲ ਗਾਂਧੀ ਦਾ ਪ੍ਰਭਾਵ ਬਹੁਤ ਫਿੱਕਾ ਰਿਹਾ। ਨਤੀਜੇ ਵਜੋਂ ਨਰਿੰਦਰ ਮੋਦੀ ਨੂੰ ਅਣਕਿਆਂਸਿਆ ਬਹੁਮਤ ਅਤੇ ਯੂ.ਪੀ.ਏ ਨੂੰ ਕਰਾਰੀ ਹਾਰ ਹੋਈ।

ਨਰਿੰਦਰ ਮੋਦੀ ਦੀ ਗੁਜਰਾਤ ਸਰਕਾਰ ਉਪਰ ਮਜਬੂਤ ਪਕੜ ਉਥੇ ਵਾਪਰੇ ਦੰਗਿਆਂ ਵਿੱਚੋਂ ਵੀ ਉਨ੍ਹਾਂ ਨੂੰ ਮੱਖਣ 'ਚੋਂ ਵਾਲ ਕੱਢਣ ਵਾਂਗ ਸਾਫ ਕੱਢ ਕੇ ਬਾਹਰ ਲੈ ਆਈ ਹੈ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਉਨ੍ਹਾਂ ਦੀਆਂ ਧੂੰਆਂ ਧਾਰ ਰੈਲੀਆਂ, ਕਾਂਗਰਸ ਦੇ ਨਹਿਰੂ-ਗਾਂਧੀ ਪਰਿਵਾਰ ਤੋਂ ਮੁਕਤੀ ਦਾ ਪ੍ਰਚਾਰ ਅਤੇ ਸ਼ੋਸਲ ਮੀਡੀਆ ਅਤੇ ਕੁਝ ਕੌਮੀ ਚੈਨਲਾਂ ਦੇ ਹਾਂ ਪੱਖੀ ਹੁੰਗਾਰੇ ਦੇ ਫਲਸਰੂਪ ਨਰਿੰਦਰ ਮੋਦੀ ਇਨ੍ਹਾਂ ਚੋਣਾਂ ਵਿੱਚ ਕੌਮੀ ਨਾਇਕ ਬਣਕੇ ਉੱਭਰੇ ਹਨ। ਕਾਂਗਰਸ ਪਾਰਟੀ ਦੀ ਲੀਡਰਸ਼ਿਪ ਲਗਾਤਾਰ ਦਸ ਸਾਲ ਸਤਾ ਵਿੱਚ ਰਹਿਣ ਦੇ ਕਾਰਨ ਨਾ ਤਾਂ ਆਪਣੀਆਂ ਨੀਤੀਆਂ ਦਾ ਹੀ ਜਲਵਾ ਵਿਖਾ ਸਕੀ ਅਤੇ ਨਾ ਹੀ ਭ੍ਰਿਸ਼ਟਾਚਾਰ ਨੇ ਉਨ੍ਹਾਂ ਦਾ ਖਹਿੜਾ ਛੱਡਿਆ। ਅਸਲ ਵਿੱਚ ਅੰਨਾ ਹਜ਼ਾਰੇ ਦੀ ਮੁਹਿੰਮ ਹੀ ਯੂਪੀਏ ਸਰਕਾਰ ਦੀ ਹਵਾ ਕੱਢ ਗਈ ਸੀ। ਉਹਦਾ ਚੇਲਾ, ਉਹਦੀ ਇੱਛਾ ਦੇ ਵਿਰੁੱਧ ਰਾਜਨੀਤੀ ਵਿੱਚ ਕੁੱਦ ਕੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰੀ ਬਣਾਉਣ ਵਿੱਚ ਤਾਂ ਸਫਲ ਰਿਹਾ।

ਨਰਿੰਦਰ ਮੋਦੀ ਦੀ ਲਹਿਰ ਨੇ ਸੁੱਤੀ ਪਈ ਭਾਜਪਾ ਨੂੰ ਹਲੂਣਾ ਦੇ ਕੇ ਉਹਨੂੰ ਬੇਤਾਜ



ਬਾਦਸ਼ਾਹ ਬਣਾ ਦਿੱਤਾ ਹੈ। ਵਿਦੇਸ਼ਾਂ ਵਿੱਚ ਵੀ ਉਹਦੀ ਸ਼ਾਖ ਚਮਕੀ ਹੈ। ਜਿਹੜਾ ਅਮਰੀਕਾ ਕਦੇ ਨਰਿੰਦਰ ਮੋਦੀ ਨੂੰ ਵੀਜੇ ਤੋਂ ਇਨਕਾਰ ਕਰਦਾ ਸੀ। ਉਹਦੇ ਸੋਹਿਲੇ ਗਾਉਣੋ ਨਹੀਂ ਹਟਦਾ। ਚੀਨ, ਜਪਾਨ, ਅਮਰੀਕਾ ਆਸਟ੍ਰੇਲੀਆ ਅਤੇ ਰੂਸ ਨਾਲ ਨਵੇਂ ਸਮਝੌਤੇ ਕਰਕੇ ਉਹ ਬੁਲਟ ਟਰੇਨ ਦੇ ਟਰੈਕ ਦੀਆਂ ਆਸਾਂ ਲਗਾਈ ਬੈਠਾ ਹੈ। ਮੇਕ ਇਨ ਇੰਡੀਆ ਦਾ ਨਾਅਰਾ ਲਗਾ ਕੇ ਵਿਦੇਸ਼ੀ ਨਿਵੇਸ਼ ਦਾ ਵਿਰੋਧ ਕਰਨ ਵਾਲੀ ਭਾਜਪਾ ਹੁਣ ਰੇਲਵੇ ਵਰਗੇ ਮਹੱਤਵਪੂਰਨ ਵਿਭਾਗ ਵਿੱਚ ਸੌ ਫੀਸਦੀ ਵਿਦੇਸ਼ੀ ਨਿਵੇਸ਼ ਦੀਆਂ ਗੱਲਾਂ ਕਰਦੀ ਹੈ।...ਹੌਲੀ ਹੌਲੀ ਨਵੇਂ ਪੱਤੇ ਵਰਤ ਕੇ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਪ੍ਰਾਂਤਾਂ ਵਿੱਚ ਵੀ ਭਗਵਾ ਝੰਡਾ ਝੁਲਾਉਣ ਦੀ ਕੋਸ਼ਿਸ਼ ਵਿੱਚ ਹੈ ਜਿਸ ਕਾਰਨ ਵਿਰੋਧੀਆਂ ਵਿੱਚ ਬੁਖਲਾਹਟ ਵੀ ਨਜ਼ਰ ਆਉਂਦੀ ਹੈ। ਉਂਜ ਮੋਦੀ ਸਾਹਿਬ ਪਰਿਵਾਰਵਾਦ ਦਾ ਬਹੁਤ ਵਿਰੋਧ ਕਰਦੇ ਰਹੇ ਹਨ। ਪਰ ਉਨ੍ਹਾਂ ਦਾ ਆਪਣਾ ਐਨਡੀਏ ਵੀ ਪਰਿਵਾਰਵਾਦ ਦਾ ਸ਼ਿਕਾਰ ਹੈ। ਇਸ ਬਾਰੇ ਉਨ੍ਹਾਂ ਦੀ ਕਦੇ ਕੋਈ ਟਿੱਪਣੀ ਹੀ ਨਹੀਂ ਆਈ। ਸੌ ਦੇ ਕਰੀਬ ਉਨ੍ਹਾਂ ਦੇ ਸਾਂਸਦ ਗੰਭੀਰ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਦੇ ਸਾਂਸਦ ਤੇ ਮੰਤਰੀ ਬੋਲਣ ਲੱਗੇ ਅਜਿਹੇ ਲਫਜ ਬੋਲ ਜਾਂਦੇ ਹਨ ਜਿਨ੍ਹਾਂ ਲਈ ਨਰਿੰਦਰ ਮੋਦੀ ਨੂੰ ਖ਼ੁਦ ਮੁਆਫੀ ਮੰਗਣ ਲਈ ਮਜਬੂਰ ਹੋਣਾ ਪੈਂਦਾ ਹੈ। ਦੇਸ਼ ਸਫਾਈ ਪੱਖੋਂ ਅਤੇ ਭ੍ਰਿਸ਼ਟਾਚਾਰ ਪੱਖੋਂ ਵੱਡੀ ਗੰਦਗੀ ਦੀ ਦਲਦਲ ਵਿੱਚ ਫਸਿਆ ਹੋਇਆ ਹੈ। ਸਾਫ-ਸਫਾਈ ਲਈ ਤਾਂ ਮੋਦੀ ਜੀ ਨੇ ਸਵੱਛ ਭਾਰਤ ਮੁਹਿੰਮ ਸ਼ੁਰੂ ਕਰਕੇ ਗੁਜਰਾਤ ਦੇ ਵਾਸੀ ਮਹਾਤਮਾ ਗਾਂਧੀ ਦੀ 150ਵੀਂ ਜੈਯੰਤੀ ਦੇ ਬਹਾਨੇ ਵਾਹਵਾ ਖੱਟਣ ਦਾ ਉਪਰਾਲਾ ਆਰੰਭਿਆ ਹੈ। ਪਰ ਬਹੁਤੇ ਥਾਂਈਂ ਲੀਡਰ ਲੋਕ ਹੱਥਾਂ ਵਿੱਚ ਝਾੜੂ ਫੜ ਕੇ ਫੋਟੋਆਂ ਤਾਂ ਜ਼ਰੂਰ ਖਿਚਵਾ ਕੇ ਮੀਡੀਆ ਵਿੱਚ ਹਾਜ਼ਰੀ ਲਵਾ ਲੈਂਦੇ ਹਨ ਪਰ ਫੇਰ ਆਪਣੀਆਂ ਪਾਣੀ ਵਾਲੀਆਂ ਬੋਤਲਾਂ ਵੀ ਆਪ ਨਹੀਂ ਚੁੱਕਦੇ?... ਸਾਫ ਸਫਾਈ ਲਈ ਸਕੂਲਾਂ ਦੇ ਵਿਦਿਆਰਥੀਆਂ ਨੂੰ ਹੀ ਵਰਤਿਆ ਜਾਂਦਾ ਹੈ। ਲਹਿਰਾਂ ਤਨੋ ਮਨੋ ਸਮਰਪਣ ਹੋਣ ਨਾਲ ਹੀ ਸਫਲ ਹੁੰਦੀਆਂ ਹਨ, ਫੋਕੀ ਵਾਹਵਾ ਖੱਟਣ ਨਾਲ ਨਹੀਂ?

**22/2 ਡੀ.ਸ਼ਹੀਦ ਬਾਬਾ ਦੀਪ ਸਿੰਘ ਨਗਰ**
**ਜਲੰਧਰ, ਮੋਬਾਇਲ : 93163-11677**

◆◆◆

# ਪੁਸਤਕ ਸਮੀਖਿਆ

ਪੁਸਤਕ - ਪੈਰੀ ਮਧੋਲਿਆ ਬੋਟ (ਮਿੰਨੀ ਕਹਾਣੀਆਂ)
ਲੇਖਣ - ਅਤਿੰਦਰਪਾਲ ਸਿੰਘ
ਪ੍ਰਕਾਸ਼ਕ - ਕੌਮੀ ਸੂਰਾਂ ਮੀਡੀਆ ਗਰੁੱਪ ਪਟਿਆਲਾ
ਮੁੱਲ 60/ ਰੁਪਏ ਪੰਨੇ 78

'ਪੈਰੀਂ ਮਧੋਲਿਆ ਬੋਟ' ਲੇਖਕ ਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ। ਉਸ ਨੇ ਇਸ ਤੋਂ ਪਹਿਲਾਂ ਸਿੱਖ ਇਤਿਹਾਸ ਉੱਤੇ ਸਿਧਾਂਤਿਕ ਪਰਿਪੇਖ ਵਿੱਚ ਕਾਫੀ ਮਹੱਤਵਪੂਰਨ ਕਾਰਜ ਕੀਤੇ ਹਨ ਜੋ ਪੁਸਤਕ ਰੂਪ ਵਿੱਚ ਸ਼ਾਇਆ ਹੋ ਚੁੱਕੇ ਹਨ। ਉਸ ਦੀਆਂ ਮਿੰਨੀ ਕਹਾਣੀਆਂ ਬਾਹੇ ਬਗਾਹੇ ਰਸਾਲਿਆਂ/ਅਖਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ। ਇਸ .... ਨੂੰ ਉਹ ਹਮੇਸ਼ਾਂ ਹੱਲਾਸ਼ੇਰੀ

ਦਿੰਦਾ ਰਿਹਾ ਹੈ ਅਤੇ ਆਪਣੇ ਰਸਾਲੇ 'ਕੌਮੀ ਸੁਰਾਂ'' ਵਿੱਚ ਵੀ ਯਥਾਯੋਗ ਸਥਾਨ ਪ੍ਰਦਾਨ ਕਰਦਾ ਰਿਹਾ ਹੈ। ਉਹ ਇਸ ਪ੍ਰਤੀ ਗੰਭੀਰ ਤੇ ਪ੍ਰਤੀਬੱਧ ਜਾਪਦਾ ਹੈ ਕਿਉਂਕਿ ਉਹ ਲਤੀਫੇ ਅਤੇ ਮਿੰਨੀ ਕਹਾਣੀ ਵਿਚ ਮਹੀਨ ਅੰਤਰ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਉਹ ਇਸ ਪਖੋਂ ਸੁਚੇਤ ਤੇ ਸਜੋਗ ਹੈ।

ਮਿੰਨੀ ਕਹਾਣੀ ਦੋ ਸ਼ਬਦਾਂ ਦਾ ਸੁਮੇਲ ਆਖਿਆ ਜਾ ਸਕਦਾ ਹੈ 'ਮਿੰਨੀ' ਅਤੇ 'ਕਹਾਣੀ' ਸਿਧਾਂਤਕ ਪੱਖ ਤੋਂ ਦੇਖਿਆ ਜਾਵੇ ਤਾਂ ਇਹ ਦੋਹਾਂ ਦੇ ਸੁਮੇਲ ਨਾਲ ਹੀ ਸੰਪੂਰਣ ਤੇ ਮੁਕੰਮਲ ਕਹੀ ਜਾ ਸਕਦੀ ਹੈ ਜਾਂ ਹੁੰਦੀ ਹੈ। ਕਈ ਵਾਰ ਮਿੰਨੀ ਕਹਾਣੀ, ਕੇਵਲ ਮਿੰਨੀ ਹੀ ਰਹਿ ਜਾਂਦੀ ਹੈ, ਕਹਾਣੀ ਉਸ ਵਿੱਚੋਂ ਗਾਇਬ ਜਾਂ ਮਨਫੀ ਹੋ ਜਾਂਦੀ ਹੈ। ਸਾਡੇ ਬਹੁਤ ਸਾਰੇ ਸਿਖਾਂਦਰੂ ਲੇਖਕ ਇਸ ਤਰੁੱਟੀ ਕਾਰਣ ਹਾਸ਼ੀਏ ਤੇ ਰਹਿ ਜਾਂਦੇ ਹਨ। ਕਹਾਣੀ ਜ਼ਰੂਰੀ ਹੈ ਪਰ ਉਹ ਲਘੂ ਜਾਂ ਛੋਟੀ ਹੋਵੇ। ਕਥਾ ਰਸ ਦਾ ਆਪਣਾ ਮਹੱਤਵ ਹੁੰਦਾ ਹੈ। ਕੁਝ ਮਿੰਨੀ ਕਹਾਣੀਕਾਰ ਇਸ ਨੂੰ ਇਕ ਪ੍ਰਵਚਨ ਲਤੀਫੇ ਜਿਹੇ ਕਿਸੇ ਸਾਧਾਰਣ ਗੱਲ ਦੇ ਰੂਪ ਵਿੱਚ ਹੀ ਲੈ ਲੈਂਦੇ ਹਨ ਤੇ ਉਸੇ ਪ੍ਰਕਾਰ ਦੀ ਕਾਗਜ਼ ਤੇ ਉਤਾਰ ਦਿੰਦੇ ਹਨ, ਜੋ ਵਾਜਿਬ ਨਹੀਂ। ਜਦੋਂ ਤੱਕ ਮਿੰਨੀ ਕਹਾਣੀ ਠਾਹ ਕਰਕੇ ਪਾਠਕ ਦੇ ਸੀਨੇ ਵਿੱਚ ਨਾ ਵਜੇ, ਉਸ ਅੰਦਰ ਜੁੰਬਸ਼ ਨਾ ਪੈਦਾ ਕਰੇ, ਉਸ ਨੂੰ ਸੋਚਣ ਤੇ ਮਜਬੂਰ ਨਾ ਕਰੇ, ਉਨਾਂ ਚਿਰ ਤੱਕ ਉਹ ਮਿੰਨੀ ਕਹਾਣੀ ਕਹਿਲਾਉਣ ਦੀ ਹੱਕਦਾਰ ਨਹੀਂ ਹੁੰਦੀ। ਇਸ ਸਭ ਕਾਸੇ ਦੇ ਲਈ ਲਿਖਾਰੀ ਕੋਲ ਨਿਵੇਕਲਾ ਵਿਯਨ, ਗਹਿਨਤਾ, ਦਰਿਆ ਅਧਿਐਨ ਤੇ ਵਿਸ਼ਾਲਤਾ ਹੋਣੀ ਲਾਜਮੀ ਹੈ। ਉਹ ਕਿਸੇ ਵਿਸ਼ੇਸ਼ ਵਰਗ ਜਾਂ ਸ਼੍ਰੇਣੀ ਦੀ ਗੱਲ ਕਰਨ ਲਗਿਆ, ਉਸ ਦੇ ਈਥੌਸ (Ethos) ਨੂੰਵੀ ਚੰਗੀ ਤਰ੍ਹਾਂ ਸਮਝਦਾ ਹੋਣਾ ਚਾਹੀਦਾ ਹੈ। ਮੈਨੂੰ ਮਹਿੰਦਰਪਾਲ ਸਿੰਘ ਦੀਆਂ ਮਿੰਨੀ ਕਹਾਣੀਆਂ ਦਾ ਪਾਠ ਕਰਦਿਆਂ ਮਹਿਸੂਸ ਹੋਇਆ ਕਿ ਇਨ੍ਹਾਂ ਗੱਲਾਂ ਵੱਲ ਵਿਸ਼ੇਸ਼ ਤੇ ਸੁਚੇਤ ਰੂਪ ਵਿੱਚ ਧਿਆਨ ਦਿੱਤਾ ਗਿਆ ਹੈ। ਉਸ ਪਾਸ ਆਪਣਾ ਨਿਵੇਕਲਾ ਵਿਯਨ ਹੈ ਅਤੇ ਉਸ ਦੀ ਮਿੰਨੀ ਕਹਾਣੀ ਵਿੱਚ ਪੂਰੀ ਕੰਪੈਕਟਨੈਂਸ ਵੀ ਮਿਲਦੀ ਹੈ। ਉਹ ਬਿਖਰੀ ਤੇ ਖਿੰਡੀ-ਪੁੰਡੀ ਹੋਈ ਨਹੀਂ, ਉਹ ਇਕ ਬੰਦ ਮੁੱਠੀ ਵਾਂਗ ਹੈ। ਰਾਕੇਟ ਵਾਂਗ ਡਰੋਨ ਵਾਂਗ ਜਾਂ ਬੰਦੂਕ ਦੀ ਗੋਲੀ ਵਾਂਗ ਸਿੱਧੀ ਨਿਸ਼ਾਨੇ ਤੇ ਪੁੱਜਦੀ ਹੈ। ਇਸ ਪੱਖੋਂ ਕੁਝ ਮਿੰਨੀ ਕਹਾਣੀਆਂ ਦਾ ਜ਼ਿਕਰ ਕਰਨਾ ਬਣਦਾ ਹੈ, ਮਸਲਨ ਮਾਂ, ਬੇਪਰਦਾ, ਹੱਡਬੀਤੀ, ਗੁਲਾਮ, ਸਾਰਥਿਕਤਾ, ਸਰਕਾਰ, ਬਿਨਾਂ ਸਿਰਲੇਖ, ਧਰਮ, ਮੇਰਾ ਕੀ ਕਸੂਰ? ਬਟਵਾਰਾ, ਰਾਜ ਨਹੀਂ ਲੋਕ ਸੇਵਾ, ਆਤਮਕ ਕਥਾ, ਫੀਸ ਆਦਿ। ਉਕਤ ਮਿੰਨੀ ਕਹਾਣੀਆਂ ਵਿੱਚ ਲੇਖਕ ਨੇ ਵਿਭਿੰਨ ਵਿਸ਼ਿਆਂ ਨੂੰ ਲੈ ਕੇ, ਵੰਨ-ਸੁਵੰਨੇ ਰੰਗ ਬਿਖੇਰੇ ਹਨ। ਧਾਰਮਿਕ ਪਾਖੰਡ, ਸਿਆਸਤਦਾਨਾਂ ਦੀਆਂ ਕੁਚਲਾਂ, ਰਿਸ਼ਵਤਖੋਰੀ ਨਾਰੀ ਦੀ ਦੁਰਦਸ਼ਾ, ਗਰੀਬੀ, ਬੇਰੋਜ਼ਗਾਰੀ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦਾ ਸ਼ੋਸ਼ਣ, ਵਕੀਲਾਂ ਵੱਲੋਂ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ, ਨਸ਼ੇ ਆਦਿ ਜਿਹੇ ਵਿਸ਼ੇ ਉਸ ਦੀਆਂ ਮਿੰਨੀ ਕਹਾਣੀਆਂ ਦੇ ਵਿਸ਼ੇਸ਼ ਸਰੋਕਾਰ ਹਨ। ਕਥਾਕਾਰ ਨੇ 'ਆਤਮਕਥਾ' ਮਿੰਨੀ ਕਹਾਣੀ ਵਿੱਚ ਇਕ ਸੱਚੇ ਤੇ ਨੇਕ ਸਿਆਸਤਦਾਨ ਦੀ ਹੱਡਬੀਤੀ ਆਪਣੇ ਪਿੰਡੇ ਤੇ ਲੈ ਕੇ ਬਾਖੂਬੀ ਬਿਆਨ ਕੀਤੀ ਹੈ ਜੋ ਬੜੀ ਮਾਰਮਿਕ ਤੇ ਦਿਲ ਨੂੰ ਟੁੰਬਦੀ ਹੈ। ਉਸ ਨੇਤਾ ਦੀ ਮਰਨ ਉਪਰੰਤ ਕੀ ਦੁਰਦਸ਼ਾ ਹੁੰਦੀ ਹੈ , ਜੋ ਇਸ ਪ੍ਰਕਾਰ ਵਿਅਕਤ ਕੀਤੀ ਜਾ ਸਕਦੀ ਹੈ।

ਇਨ੍ਹਾਂ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇ,
ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ।

ਉਸ ਦੀ ਅਰਥੀ ਨਾਲ ਚਾਰ ਬੰਦੇ ਵੀ ਨਹੀਂ ਹਨ। ਕੇਵਲ ਤੇ ਕੇਵਲ ਉਸਦੀ ਪਤਨੀ ਤੇ ਦੋ ਧੀਆਂ ਹੀ ਨਾਲ ਹਨ। ਸਮਾਜ ਤੇ ਪਾਰਟੀ ਉਸ ਨੂੰ ਕਿਵੇਂ ਵਿਸਾਰ ਦਿੰਦੀ ਹੈ ਜਾਂ ਦਰ-ਕਿਨਾਰ



ਕਰ ਦਿੰਦੀ ਹੈ ਕਿ ਉਹ ਬਿਲਕੁਲ ਏਕਾਕੀ ਹੋ ਕੇ ਰਹਿ ਜਾਂਦਾ ਹੈ।

ਇਕ ਗੱਲ ਮੈਨੂੰ ਸਮਝ ਨਹੀਂ ਆਈ ਕਿ ਲੇਖਕ ਨੇ ਮਾਂ ਨੂੰ ਤਕਰੀਬਨ ਹਰ ਜਗ੍ਹਾ ਮਾੜੇ ਕਿਰਦਾਰ ਵਿੱਚ ਹੀ ਪੇਸ਼ ਕੀਤਾ ਹੈ, ਜਦੋਂ ਕਿ ਆਮ ਲੋਕ ਮਾਂ ਨੂੰ ਦੇਵੀ ਸਮਝ ਮਮਤਾ ਦੀ ਮੂਰਤ ਰੱਬ ਦੇ ਬਰਾਬਰ ਦਾ ਰੁਤਬਾ, ਮਾਵਾਂ ਠੰਡੀਆਂ ਛਾਵਾਂ ਆਦਿ ਵਿਸ਼ੇਸ਼ਤਾ ਨਾਲ ਸੰਬੋਧਿਤ ਕਰਦੇ ਹਨ। ਲੇਕਿਨ ਉਸਨੇ ਮਾਂ ਦਾ ਵਿਪਰੀਤ ਚਿਹਰਾ ਵਿਆਨਾ ਕੀਤਾ ਹੈ, ਇਸ ਦ੍ਰਿਸ਼ਟੀਕੋਣ ਤੋਂ ਇਹ ਮਿੰਨੀ ਕਹਾਣੀ ਵਾਚੀਆਂ ਜਾ ਸਕਦੀਆਂ ਹਨ ਮੇਰਾ ਕੀ ਕਸੂਰ? ਮਾਂ, ਬਟਵਾਰਾ, ਕਲਜੁਗ ਆਦਿ। ਬੇਸ਼ਕ, ਨਾਟਕਕਾਰ ਬਲਵੰਤ ਗਾਰਗੀ ਨੇ ਵੀ ਆਪਣੇ ਕਈ ਨਾਟਕਾਂ ਅਤੇ ਕਹਾਣੀਆਂ ਵਿੱਚ ਮਾਂ ਦਾ ਵਿਪਰੀਤ ਅਰਥਾਤ ਮਾੜਾ ਰੂਪ ਪੇਸ਼ ਕੀਤਾ ਹੈ। ਪੰਜੇ ਉਂਗਲਾਂ ਕਦੇ ਵੀ ਬਰਾਬਰ ਨਹੀਂ ਹੋਇਆ ਕਰਦੀਆਂ ਉਨ੍ਹਾਂ ਲਈ ਕਥਾਕਾਰ ਵੀ ਆਪਣੇ-ਆਪਣੇ ਜਾਈਏ ਤੋਂ ਹਰ ਵਸਤੂ ਅਗੇ ਇਨਸਾਨ ਨੂੰ ਦੇਖਦਾ ਹੈ। ਮਹਿੰਦਰਪਾਲ ਸਿੰਘ ਦੀਆਂ ਕੁਝ ਮਿੰਨੀ ਕਥਾਵਾਂ ਹਲਕੀਆਂ-ਫੁਲਕੀਆਂ ਗੱਲਾਂ, ਪ੍ਰਵਚਨ ਜਾਂ ਉਪਦੇਸ਼ ਮਾਹਰ ਜਾਪਦੀਆਂ ਹਨ, ਐਪਰ ਇਸ ਵਿੱਚ ਕਸੂਰ ਲਿਖਾਰੀ ਦਾ ਨਹੀਂ, ਮਿੰਨੀ ਕਹਾਣੀ ਉਸ ਦੌਰ ਵਿਚੋਂ ਗੁਜਰ ਰਹੀ ਹੈ ਕਿ ਜਿੰਨੀ ਉਸ ਕੋਲ ... ਕੋਈ ਰੋਸ ਪੈਰਾਮੀਟਰ, ਯਾਰਡਸਟਿਕ ਜਾਂ ਸਿਧਾਂਤ ਹੀ ਉਪਲੱਬਧ ਨਹੀਂ ਹਨ। ਜਦੋਂ ਤੱਕ ਇਹ ਘਾਟ ਪੂਰੀ ਨਹੀਂ ਹੁੰਦੀ, ਅਜਿਹਾ ਹੋਣਾ ਕੁਦਰਤੀ ਗੱਲ ਹੈ ਤੇ ਵਾਜਿਬ ਹੈ। ਸਮੁੱਚੇ ਰੂਪ ਵਿੱਚ ਆਖਿਆ ਜਾ ਸਕਦਾ ਹੈ ਕਿ ਲੇਖਕ ਕੋਲ ਆਪਣੀ ਨਿਵੇਕਲੀ ਸ਼ੈਲੀ, ਵਿਯਨ ਅਤੇ ਅਧਿਐਨ ਮੌਜੂਦ ਹੈ। ਉਹ ਓਪਰੀ-ਓਪਰੀ ਜਾਂ ਸਤਹੀ ਗੱਲ ਨਹੀਂ ਕਰਦਾ ਸਗੋਂ ਉਸ ਵਿੱਚ ਖੁਭ ਕੇ, ਅਨੁਭਵ ਕਰਕੇ ਆਪਣੇ ਤੇ ਹੰਢਾ ਕੇ ਕਿਸੇ ਕਹਾਣੀ ਨੂੰ ਪੇਸ਼ ਕਰਦਾ ਹੈ। ਅੰਤ ਵਿੱਚ ਮੈਂ ਇਸ ਮਿੰਨੀ ਕਹਾਣੀ ਸੰਗ੍ਰਹਿ ਦੀ ਆਮਦ ਤੇ ਸ. ਮਹਿੰਦਰਪਾਲ ਸਿੰਘ ਨੂੰ ਦਿਲੀ ਮੁਬਾਰਕਬਾਦ ਦਿੰਦਾ ਹਾਂ। ਮਿੰਨੀ ਕਹਾਣੀ ਸਾਹਿਤ ਲਈ ਇਕ ਗੁਣਾਤਮਕ ਵਾਧਾ ਮੰਨਿਆ ਜਾ ਸਕਦਾ ਹੈ।

**ਕਰਮਵੀਰ ਸਿੰਘ ਸੂਰੀ**
**ਜ਼ਿਲ੍ਹਾ ਭਾਸ਼ਾ ਅਫਸਰ (ਰਿਟਾ.)**
**ਭਾਸ਼ਾ ਵਿਭਾਗ, ਪੰਜਾਬ।**

◆◆◆

# ਗ੍ਰਹਿਸਤ ਦਾ ਗੱਡਾ ਨਾਟਕ ਦਾ ਆਲੋਚਨਾਤਕ ਅਧਿਐਨ

ਅਜੋਕਾ ਪੰਜਾਬੀ ਨਾਟਕ ਆਪਣੀ ਬਣਤਰ ਵਿੱਚ ਵਿਸ਼ਵੀਕਰਨ, ਨਵ-ਬਸਤੀਵਾਦ, ਉੱਤਰ ਆਧੁਨਿਕਤਵਾਦ, ਨਵ ਪੂੰਜੀਵਾਦ ਅਤੇ ਮੰਡੀਕਰਨ ਆਦਿ ਵਿਸ਼ਵ ਵਿਆਪੀ ਸੰਕਲਪਾਂ ਤੋਂ ਉਭਰਦੀ ਚਿੰਤਨ ਧਰਾਵਾਂ ਤਹਿਤ ਮਨੁੱਖ ਦੀ ਮਾਨਸਿਕ ਖਿਚੋਤਾਣ ਦੇ ਭਖਦੇ ਮਸਲੇ ਸਮੋਈ ਬੈਠਾ ਹੈ। ਇਸ ਗਲੋਬਲੀ (ਉਦਾਰੀਕਾਰਨ, ਨਿੱਜੀਕਰਣ, ਵਿਸ਼ਵਵਿਆਪੀ) ਦੌਰ ਵਿੱਚ ਪੂੰਜੀ ਦੇ ਬਹੁ-ਰਾਸ਼ਟਰੀ ਪਾਸਾਰ, ਸਮਾਜਵਾਦ ਦਾ ਵਿਗਠਨ ਅਤੇ ਸੂਚਨਾਂ ਕ੍ਰਾਂਤੀ ਦੇ ਵਿਆਪਕ ਪਸਾਰ ਦੇ ਅੰਤਰਗਤ ਵਿਸ਼ਵ ਪੱਧਰ ਦੇ ਸਮੂਹਿਕ ਵਰਤਾਰਿਆਂ ਵਿੱਚ ਤਬਦੀਲੀ ਨੇ ਸਿਰਫ ਆਰਥਿਕ ਸਰੰਚਨਾਵਾਂ ਦੇ ਵਿਕਾਸ ਦੀ ਹੀ ਨਹੀਂ ਸਗੋਂ ਸਭਿਆਚਾਰਕ ਮਨੁੱਖੀ ਕਦਰਾਂ ਕੀਮਤਾਂ, ਦਾਰਸ਼ਨਿਕ ਮਾਨਵਤਾਵਾਂ, ਵਿਸ਼ਵਾਸ਼ਾਂ ਅਤੇ ਸੁਹਜ ਸੁਆਦ ਦੀਆਂ ਪ੍ਰਚਲਿਤ ਧਾਰਨਾਵਾਂ ਨੂੰ ਤੋੜ ਕੇ ਨਵੀਆਂ ਨੈਤਿਕ ਕਦਰਾਂ-ਕੀਮਤਾਂ ਦੀ ਅਰਥ ਸਿਰਜਨਾਂ ਕੀਤੀ ਹੈ। ਜਿਸ ਨਾਲ ਸਮਾਜਿਕ ਅਸੰਤੁਲਨ ਪੈਦਾ ਹੁੰਦਾ ਹੈ। ਅਜਿਹੀ ਵਿਗੜੀ ਸਮਾਜਿਕ ਸਥਿਤੀ ਵਿੱਚ ਸਮੁੱਚੀ ਵਿਦਵਤਾ

ਇਕ ਤਣਾਅ ਪੂਰਨ ਵਰਤਾਰੇ ਵਿੱਚੋਂ ਗੁਜਰਦੀ ਹੋਈ ਸਾਮਰਾਜਵਾਦ ਦੀ ਥਾਂ ਸਮਾਜਵਾਦ ਨੂੰ ਲੋਚਦੀ ਹੋਈ ਇਸ ਸਮਾਜਿਕ ਅਸੰਤੁਲਨ ਦਾ ਸਾਹਿਤ ਸਿਰਜਨਾਂ ਵਿੱਚ ਨਿਭਾਅ ਕਰਦੀ ਹੈ। ਅਜਿਹੇ ਵਰਤਾਰੇ ਨੂੰ ਨਾਟਕ ਵਿਧਾ ਸਹਿਜਤਾ ਨਾਲ ਪੇਸ਼ ਕਰਦੀ ਹੈ।

ਸਤਵਿੰਦਰ ਬੇਗੋਵਾਲੀਆ ਆਪਣਾ ਨਾਟ ਸਗ੍ਰਹਿ ਗ੍ਰਹਿਸਤ ਦਾ ਗੱਡਾ, ਸੰਗ੍ਰਹਿ ਵਿੱਚ ਸੰਮਿਲਤ ਚਾਰ ਇਕਾਂਗੀ ਨਾਟਕ 'ਚੜ੍ਹ ਜਾ ਜਹਾਜ ਤੇ', ਮੈਂ ਮਹਾਂਪੁਰਸ਼ ਨਹੀਂ ਹਾਂ, ਗ੍ਰਹਿਸਤ ਦਾ ਗੱਡਾ, ਸਿਆਸਤ ਇਕ ਸਕੂਲ ਦੀ, ਪਾਠ ਕਰਨ ਉਪ੍ਰੰਤ ਵਿੱਚ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਵਰਤਮਾਨ ਸਮਾਜ ਦਰਪੇਸ਼, ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਤੰਤਰ ਵਰਗੀਆਂ ਮੁੱਖ ਸਮੱਸਿਆਵਾਂ ਨੂੰ ਚੁਣੌਤੀ ਵਜੋਂ ਸਵੀਕਾਰ ਕਰਦਾ ਹੋਇਆ ਇਨ੍ਹਾਂ ਦੇ ਤੁਖਮ ਮਿਟਾਉਣ ਲਈ ਤਹਈਆ ਕਰਦਾ ਹੈ।

ਸਤਵਿੰਦਰ ਬੇਗੋਵਾਲੀਆ ਚੜ ਜਾ ਜਹਾਜ਼ ਤੇ ਵਿੱਚ ਇੱਕ ਨਵੀਂ ਨਾਟਕੀ ਥੀਮ ਉਭਾਰਦਾ ਹੈ। ਉਸ ਨੇ ਅਜੋਕੇ ਪੂੰਜੀਵਾਦੀ ਯੁੱਗ ਵਿੱਚ ਮਨੁੱਖ ਦੀ ਸੋਚ ਆ ਰਹੀ ਤਬਦੀਲੀ ਨੂੰ ਬਿਆਨ ਕਰਦਾ ਹੈ। ਜੋ ਵਰਤਮਾਨ ਸਮੇਂ ਦੇ ਸੰਦਰਭ ਵਿੱਚ ਮਹੱਤਵਪੂਰਨ ਹੈ। ਪੂੰਜੀਵਾਦੀ ਵਿਵਸਥਾ ਵੱਲੋਂ ਵਿਅਕਤੀ ਨੂੰ ਦਿੱਤੀਆਂ ਨਿੱਜੀ ਸਹੂਲਤਾਂ ਕਿਵੇਂ ਜ਼ਿੰਦਗੀ ਦੇ ਹਰ ਪਹਿਲੂ ਉਪਰ ਅਸਰ ਕਰ ਗਈਆਂ ਹਨ। ਇਹ ਨਾਟਕ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਵਿਸ਼ਵੀਕਰਨ ਦਾ ਪ੍ਰਭਾਵ ਸਾਡੇ ਕਾਰਖਾਨਿਆਂ, ਦਫਤਰਾਂ, ਸੰਸਥਾਵਾਂ ਅਤੇ ਵਿਵਹਾਰ ਤੱਕ ਹੀ ਨਹੀਂ ਸਗੋਂ ਸਾਡੇ ਬੈਡਰੂਮ ਤੱਕ ਵੀ ਆ ਗਿਆ ਹੈ। ਵੱਧ ਪੈਸਾ ਕਮਾਉਣ ਅਤੇ ਜ਼ਿੰਦਗੀ ਦੇ ਹਰ ਪਹਿਲੂ ਨੂੰ ਪਦਾਰਥਕ ਦ੍ਰਿਸ਼ਟੀ ਤੋਂ ਸੋਚਣਾ ਤੇ ਅਮਲ ਵਿੱਚ ਲਿਆਉਣਾ ਹੀ ਅੱਜ ਦੇ ਮਨੁੱਖ ਦੀ ਪ੍ਰਮੁੱਖ ਸੋਚ ਬਣ ਗਈ ਹੈ। ਨਾਟਕ ਵਿੱਚ ਸਾਹਬੀ ਦਾ ਬਾਪੂ ਬੂਟਾ ਸਿੰਘ ਐਸੀ ਹੀ ਧਿਰ ਦਾ ਪਾਤਰ ਹੈ। ਜੋ ਆਪਣੇ ਪੁੱਤਰ ਨੂੰ ਬਾਹਰੋਂ ਚੰਗੇ ਪੈਸੇ ਕਮਾਉਣ ਤੇ ਆਪ ਪਿੰਡ ਵਿੱਚ ਐਸ਼ ਆਰਾਮ ਦੀ ਜ਼ਿੰਦਗੀ ਜਿਉਣ ਲਈ ਆਪਣੇ ਪੁੱਤਰ ਸਾਹਬੀ ਨੂੰ ਪਰਦੇਸ ਭੇਜਣ ਲਈ ਮਜਬੂਰ ਕਰ ਦਿੰਦਾ ਹੈ।

ਦੂਜਾ ਨਾਟਕਕਾਰ ਇਸ ਨਾਟਕ ਰਾਹੀਂ ਇਹ ਦਰਸਾਉਣਾ ਚਾਹੁੰਦਾ ਹੈ ਕਿ ਪੂੰਜੀਵਾਦੀ ਦੇਸ਼ਾਂ ਵਿੱਚ ਰੋਜੀ ਰੋਟੀ ਖਾਤਰ ਆਪਣਾ ਘਰ ਬਾਹਰ ਸਮਾਜ ਦੇਸ਼ ਅਤੇ ਸੱਭਿਆਚਾਰ ਆਦਿ ਛੱਡ ਕੇ ਮਨੁੱਖ ਜ਼ਿੰਦਗੀ ਭਰ ਕੰਮ ਕਰਦਾ ਹੈ ਅਤੇ ਸਿਰਫ ਕੰਮ ਕਰਨ ਉਪਰੰਤ ਉਸ ਦੇ ਹੱਥ ਪੱਲੇ ਕੁਝ ਨਹੀਂ ਆਉਂਦਾ ਕਿਉਂਕਿ ਨਾ ਤਾਂ ਉਸ ਨੂੰ ਕਰਮ ਭੂਮੀ ਆਪਣੀ ਲੱਗਦੀ, ਨਾ ਹੀ ਜਨਮ ਭੂਮੀ ਆਪਣੀ ਲੱਗਦੀ ਹੈ। ਇਸ ਸਥਿਤੀ ਵਿੱਚ ਉਸ ਨੂੰ ਨਾ ਤਾਂ ਆਪਣਾ ਦੇਸ਼ ਸਵੀਕਾਰ ਕਰਦਾ ਹੈ ਅਤੇ ਨਾ ਹੀ ਪੂੰਜੀਵਾਦੀ ਦੇਸ਼ ਕਰਦਾ ਹੈ। ਕਾਮੇ ਦਾ ਕੰਮ ਸਿਰਫ ਕੰਮ ਕਰਨਾ ਹੈ। ਕਿਉਂਕਿ ਪਰਾਏ ਦੇਸ਼ ਦੀ ਨਿਰਮੋਈ ਇਕੱਲਤਾ ਤੋਂ ਇਲਾਵਾ ਪੂੰਜੀਵਾਦੀ ਦੇਸ਼ ਦੇ ਸਮਾਜਿਕ ਸੱਭਿਆਚਾਰ ਤੇ ਨੈਤਿਕ ਵਰਤਾਰੇ ਨੇ ਭਾਰਤੀ ਪ੍ਰੰਪਰਾ ਦੇ ਪਿਛੋਕੜ ਨਾਲ ਜੁੜੇ ਪ੍ਰਵਾਸੀ ਨੂੰ ਜੜੋਂ ਹਿਲਾ ਦਿੱਤਾ ਹੈ। ਬਾਹਰ ਗਿਆ ਮਨੁੱਖ ਪੈਸਾ ਤਾਂ ਬਹੁਤ ਕਮਾ ਲੈਂਦਾ ਹੈ, ਪਰ ਹੱਡ ਭੰਨਵੀ ਮਿਹਨਤ ਨੇ ਉਸ ਨੂੰ ਅੰਦਰੋਂ ਬਾਹਰੋਂ ਤੋੜ ਕੇ ਰੱਖ ਦਿੱਤਾ ਹੈ। ਅਜਿਹੀ ਸਥਿਤੀ ਵਿੱਚ ਸਾਡੇ ਸਮਾਜ ਵਿੱਚ ਉਮੀਦ ਕੀਤੀ ਜਾਂਦੀ ਹੈ ਕਿ ਪ੍ਰਵਾਸੀ ਐਸ਼ੋ ਆਰਾਮ ਦੀ ਜ਼ਿੰਦਗੀ ਬਤੀਤ ਕਰਦੇ ਹਨ ਅਤੇ ਬਹੁਤ ਪੈਸਾ ਕਮਾਉਂਦੇ ਹਨ। ਪਰ ਘਰ ਦੇ, ਜਾਂ ਬਾਹਰ ਵਾਲੇ ਕਦੇ ਇਹ ਨਹੀਂ ਜਾਨਣਾਂ ਚਾਹੁੰਦੇ ਪੈਸਾ ਕਿਵੇਂ ਕਮਾਇਆ ਜਾਂਦਾ ਹੈ। ਇਹ ਕੌੜੇ ਸੱਚ ਨੂੰ ਹੇਠ ਦਿੱਤੀ ਵਾਰਤਾਲਾਪ ਤੋਂ ਸਮਝਿਆ ਜਾ ਸਕਦਾ ਹੈ।

ਬੂਟਾ :-

ਵਕਤ ਦਾ ਘੋੜਾ ਬੜਾ ਅੱਥਰਾ ਏ, ਬੇਲਗਾਮ ਏ...



ਕਿੰਨੇ ਸਾਲ ਹੋ ਗਏ ਸਾਹਬੀ ਨੂੰ ਅਮਰੀਕਾ ਗਿਆ...

ਅੱਜ ਪਤਾ ਲੱਗੈ ਮਾਂ ਪਿਉ ਲਈ ਉਹਦੇ ਬੱਚੇ ਹੀ ਸੱਭ ਤੋਂ ਵੱਡੀ

ਦੋਲਤ ਨੇ। ਬਿਹਾਰ, ਯੂ.ਪੀ. ਤੋਂ ਆਕੇ ਕੇ ਲੋਕ ਇੱਥੇ ਕਮਾਈ ਕਰ ਰਹੇ ਨੇ। ਫਿਰ ਅਸੀਂ ਕਿਉਂ ਖੇਰੂੰ ਖੇਰੂੰ ਹੋ ਗਏ।

ਨਵੀਂ ਪੜੀ ਲਿਖੀ ਜਮਾਤ ਵਿੱਚੋਂ ਪੈਦਾ ਹੋ ਰਹੀ ਸ਼੍ਰੇਣੀ ਜਿਹੜੀ ਰੁਜ਼ਗਾਰ ਪ੍ਰਾਪਤੀ ਦੇ ਵਸੀਲਿਆਂ ਲਈ ਘਰੋਂ ਦੂਰ ਦਰਾਜ ਦੇ ਇਲਾਕਿਆਂ ਵਿੱਚ ਆਪਣੇ ਟਿਕਾਣੇ ਸਥਾਪਿਤ ਕਰ ਰਹੀ ਹੈ। ਘਰੋਂ ਬੇਘਰ ਹੋ ਕੇ ਅਥਵਾ ਰਿਸ਼ਤਿਆਂ ਤੋਂ ਦੂਰ ਰਹਿ ਕੇ ਵਿਅਕਤੀ ਇਕੱਲਤਾ ਦਾ ਭਾਗੀ ਹੁੰਦਾ ਜਾ ਰਿਹਾ ਹੈ। ਇਹ ਸਮੱਸਿਆ ਇਕ ਨਵੇਂ ਵਿਅਕਤੀਗਤ ਰੁਝਾਨ ਨੂੰ ਜਨਮ ਦੇ ਰਹੀ ਹੈ। ਬਾਹਰ ਪੱਕੇ ਹੋਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਣਾਉਣੇ ਪੈਂਦੇ ਹਨ। ਸਾਹਬੀ ਪੰਜ ਸਾਲ ਰਾਤ ਦਿਨ ਇਕ ਕਰਕੇ ਮਾਂ-ਬਾਪ ਲਈ ਬਹੁਤ ਕੁਝ ਬਣਾ ਦਿੰਦਾ। ਅਖੀਰ ਆਪ ਵਿਆਹ ਕਰਵਾ ਕੇ ਬਾਹਰਲੇ ਦੇਸ਼ ਆਪਣਾ ਟਿਕਾਣਾ ਸਥਾਪਿਤ ਕਰ ਲੈਂਦਾ ਹੈ। ਆਪਣਿਆਂ ਤੋਂ ਦੂਰ ਹੋਣ ਦਾ ਦੁੱਖ ਹੇਠ ਲਿਖੇ ਵਾਰਤਾਲਾਪ ਤੋਂ ਸਪੱਸ਼ਟ ਹੁੰਦਾ ਹੈ।

ਗੀਤ - ਉੱਡ ਪੁੱਡ ਗਈਆਂ ਮਹਿਫਲਾਂ ਤੇ<br>
ਤੇ ਗਏ ਗਵਾਚੇ ਹਾਸੇ।<br>
ਪਿਆਸ ਮਿਲਣ ਦੀ ਰਹਿ ਗਈ,<br>
ਕੋਈ ਇਸ ਪਾਸੇ, ਕੋਈ ਉਸ ਪਾਸੇ

ਬੇਗੋਵਾਲੀਆ ਦੇ ਅਗਲੇ ਇਕਾਂਗੀ ਨਾਟਕ 'ਮੈਂ ਮਹਾਂਪੁਰਸ਼ ਨਹੀਂ ਹਾਂ' ਵਿੱਚ ਵਿਦਿਆਰਥੀ ਵਰਗ ਨੂੰ ਕੇਂਦਰ ਵਜੋਂ ਲੈਂਦਾ ਹੈ। ਅਜੋਕੇ ਸਮਿਆਂ ਵਿੱਚ ਕੋਈ ਧਰਮ ਮਾਰਗ ਜਾਂ ਰਾਜਸੀ ਸੇਧ ਇਨ੍ਹਾਂ ਨੌਜਵਾਨ ਵਰਗ ਨੂੰ ਰਾਸ ਨਹੀਂ। ਇਹ ਸਭ ਫੋਕੇ ਧਰਵਾਸ ਹਨ। ਮਾਂ-ਬਾਪ ਸਾਰਾ ਦਿਨ ਮਿਹਨਤ ਮਜ਼ਦੂਰੀ ਕਰਕੇ ਮੁਸ਼ਕਿਲ ਨਾਲ ਘਰ ਦਾ ਗੁਜਾਰਾ ਕਰਕੇ ਆਪਣੇ ਬੱਚਿਆਂ ਦੀਆਂ ਫੀਸਾਂ ਭਰਦੇ ਹਨ, ਪਰ ਸ਼ਹਿਰੀ ਵਾਤਾਵਰਣ ਤੇ ਵੱਧ ਪੈਸੇ ਕਮਾਉਣ ਦੀ ਲਾਲਸਾ ਅੱਜ ਦੇ ਵਰਗ ਨੂੰ ਅੰਨਾ ਕਰ ਰਹੀ ਹੈ। ਮੋਹਨ ਤੇ ਭਾਨ ਇਹੋ ਜਿਹੀ ਬਿਰਤੀ ਦੇ ਮਾਲਕ ਹਨ। ਉਹ ਸਭ ਤੋਂ ਸੋਖਾ ਢੰਗ ਸਾਧ ਬਣ ਕੇ ਐਸ਼ੋ ਆਰਾਮ ਨਾਲ ਜਿਊਣਾ ਚਾਹੁੰਦੇ ਹਨ। ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਇਸ ਧੰਦੇ ਨੂੰ ਲੋਕਾਂ ਵੱਲੋਂ ਇੱਜਤ ਵੀ ਮਿਲਦੀ ਹੈ ਤੇ ਪੈਸੇ ਵੀ, ਬਹੁਤਾ ਉਦਮ ਕਰਨ ਦੀ ਲੋੜ ਨਹੀਂ ਪੈਂਦੀ। ਅਸਲ ਵਿੱਚ ਵਿਸ਼ਵ ਪੱਧਰ ਦੇ ਸਮੂਹਿਕ ਵਰਤਾਰਿਆਂ ਵਿੱਚ ਜੋ ਤਬਦੀਲੀ ਵਾਪਰੀ ਹੈ, ਇਸ ਤਰ੍ਹਾਂ ਦੀ ਤਬਦੀਲੀ ਨੇ ਮੁਨੁੱਖੀ ਸਭਿਆਚਾਰਕ ਕਦਰਾਂ, ਕੀਮਤਾਂ, ਦਾਰਸ਼ਨਿਕ ਮਾਨਤਾਵਾਂ, ਵਿਸ਼ਵਾਸਾਂ ਅਤੇ ਸੁਹਜ ਸੁਆਦ ਦੀਆਂ ਪ੍ਰਚਲਿਤ ਧਾਰਨਾਵਾਂ ਨੂੰ ਤੋੜ ਕੇ ਨਵੀਆਂ ਨੈਤਿਕ ਕਦਰਾਂ ਕੀਮਤਾਂ ਦੀ ਸਿਰਜਣਾ ਕੀਤੀ ਹੈ, ਜਿਸ ਨਾਲ ਸਮਾਜਿਕ ਅਸੰਤੁਲਣ ਪੈਦਾ ਹੋ ਚੁੱਕਾ ਹ। ਨਵੀਂ ਪੀੜ੍ਹੀ ਕੰਜਿਉਮਰ ਕਲਚਰ ਦੀ ਦੇਣ ਹੈ। ਰਾਤੋ-ਰਾਤ ਅਮੀਰ ਹੋਣ ਦੀ ਲਾਲਸਾ ਉਨ੍ਹਾਂ ਦੇ ਜ਼ਮੀਰ ਨੂੰ ਡੇਗ ਰਹੀ ਹੈ ਕਿਉਂਕਿ ਇਸ ਬਦਲਵੇਂ ਦੌਰ ਵਿੱਚ ਮਾਂ-ਬਾਪ ਆਪਣੇ ਚੰਗੇ ਭਵਿੱਖ ਦੀ ਕਾਮਨਾ ਆਪਣੀ ਔਲਾਦ ਤੋਂ ਕਰਦੇ ਹਨ। ਪਰ ਅਜੋਕੇ ਨੌਜਵਾਨ ਵਰਗ ਐਸੇ ਕੁਰਾਹੇ ਪੈ ਚੁੱਕਾ ਹੈ, ਜਿੱਥੋਂ ਉਨ੍ਹਾਂ ਨੂੰ ਵਾਪਸ ਮੋੜਨਾ ਔਖਾ ਜਾਪਦਾ ਹੈ।

ਉਨ੍ਹਾਂ ਨੂੰ ਵਾਪਸ ਮੋੜਨ ਔਖਾ ਜਾਪਦਾ ਹੈ।

ਭਾਨ ਸਿੰਘ - ਮੈਂ ਸਾਧ ਬਣਾਗਾ, ਡੇਰਾ ਕਾਇਮ ਕਰਾਂਗਾ, ਚੇਲਿਆਂ ਦੀ ਫੌਜ ਹੋਵੇਗੀ ਮੇਰੇ ਪਿੱਛੇ। ਜਿਧਰੋਂ ਲੰਘਾਂਗੇ ਸਾਡੇ ਪੈਰਾਂ ਨਾਲ ਛੂਹੀ ਧਰਤੀ ਦੀ ਮਿੱਟੀ ਚੁੱਕ ਮੱਥੇ ਲਾਉਣਗੇ ਤੇ ਆਪਣਾ ਅੱਗਾ ਸੰਵਾਰਨਗੇ।

ਮੋਹਨ – ਕੋਈ ਬਾਬਾ ਮੰਨੇਗਾ ਤਾਂ ਹੀ ਨਾਂ?

ਭਾਨ ਸਿੰਘ – ਪੱਕੇ ਮੰਨਣਗੇ। ਭੇਸ ਵਲੋਂ ਸਾਧ ਹੋਵੇ, ਵਿੱਚੋਂ ਭਾਵੇਂ ਕਾਲਾ ਚੋਰ ਸਾਧਾਂਵਾਲੀ ਵਰਦੀ ਪਾਈਏ, ਛੱਤੀ ਵੰਨਗੀਆਂ ਦੇ ਭੋਜਨ ਖਾਈਏ ਮੌਜ ਉਡਾਈਏ ਤੇ ਸੰਤ ਮਹਾਰਾਜ ਬਣ ਜਾਈਏ।

'ਗ੍ਰਹਿਸਤ ਦਾ ਗੱਡਾ' ਵਿੱਚ ਆਧੁਨਿਕ ਦੌਰ ਵਿੱਚ ਆਮ ਮਨੁੱਖ ਦੀਆਂ ਨਿੱਜੀ ਲੋੜਾਂ ਦੀ ਪੂਰਤੀ ਬਹੁਤ ਮੁਸ਼ਕਿਲ ਹੁੰਦੀ ਜਾ ਰਹੀ ਹੈ ਕਿਉਂਕਿ ਵੱਧ ਰਹੀ ਮਹਿੰਗਾਈ ਆਮ ਇਨਸਾਨ ਦਾ ਲੱਕ ਤੋੜ ਰਹੀ ਹੈ। ਗ੍ਰਹਿਸਤ ਦਾ ਗੱਡਾ ਨਾਟਕ ਵਿੱਚ ਇੱਕ ਇਹੋ ਜਿਹੇ ਪਰਿਵਾਰ ਨੂੰ ਨਾਟਕੀ ਥੀਮ ਵਜੋਂ ਸਿਰਜਿਆ ਹੈ, ਜਿੰਨਾ ਦੀ ਆਰਥਿਕ ਮੰਦਹਾਲੀ ਕਾਰਨ ਪਰਿਵਾਰਕ ਜੀਵਨ ਵਿੱਚ ਦੁੱਖ, ਤਕਲੀਫ ਅਤੇ ਪਰਿਵਾਰ ਤਣਾਉ ਪ੍ਰਗਟ ਹੁੰਦਾ ਹੈ। ਬੱਗਾ ਸਿੰਘ ਆਪਣੇ ਪਰਿਵਾਰ ਦਾ ਗੁਜਾਰਾ ਇਹੋ ਜਿਹੀ ਮਹਿੰਗਾਈ ਵਿੱਚ ਪੂਰਾ ਨਹੀਂ ਕਰ ਸਕਦਾ ਕਿਉਂਕਿ ਹਰ ਚੀਜ਼ ਦਾ ਭਾਅ ਅਸਮਾਨੀ ਟਾਕੀਆਂ ਲਾ ਰਿਹਾ ਹੈ। ਉਪਰ ਤੋਂ ਖਾਣ-ਪੀਣ ਤੋਂ ਲੈ ਕੇ ਦਵਾਈਆਂ ਤੱਕ ਸਭ ਕੁਝ ਨਕਲੀ ਵਿਕ ਰਿਹਾ ਹੈ। ਪੂੰਜੀ ਦੀ ਖੁੱਲੀ ਮੰਡੀ ਸਦਕਾ ਵਪਾਰੀ ਲੋਕ ਸਾਮਰਾਜ਼ੀ ਦੇਸ਼ ਹੋਰ ਵੀ ਅਮੀਰ ਹੋ ਰਹੇ ਹਨ। ਮੌਜੂਦਾ ਪ੍ਰਬੰਧ ਦੀ ਹਕੀਕਤ ਇਹ ਹੈ ਕਿ ਰੋਜ਼ਗਾਰ ਦੇਣ ਦੀ ਥਾਂ ਸਰਕਾਰ ਫੈਕਟਰੀਆਂ ਨੂੰ ਧਨਾਢ ਲੋਕਾਂ ਪਾਸ ਵੇਚਣ ਨੂੰ ਫਿਰਦੀ ਹੈ। ਇਸ ਤੋਂ ਸਾਫ ਜਾਹਰ ਕਿ ਸਰਕਾਰ ਮਜ਼ਦੂਰ, ਕਿਸਾਨ ਤੇ ਦੇਸ਼ ਪੱਖੀ ਨਹੀਂ ਬਲਕਿ ਸਰਕਾਰ ਦੀਆਂ ਨੀਤੀਆਂ ਤਾਂ ਸਾਮਰਾਜ ਦੇ ਸਰਮਾਏ ਪੱਖੀ ਹਨ। ਜੋ ਗਰੀਬ ਮੁਲਕਾਂ ਦੇ ਲੋਕਾਂ ਦੇ ਉਲਟ ਹਨ। ਇਹ ਵਿਰੋਧੀ ਨੀਤੀਆਂ ਦਾ ਲੋਕਾਂ ਨੂੰ ਪੂਰੀ ਤਰ੍ਹਾਂ ਇਹ ਵੀ ਪਤਾ ਨਹੀਂ ਹੈ ਕਿ ਇਹ ਕਿੱਥੇ ਅਤੇ ਕਿਵੇਂ ਖੜ੍ਹੀਆਂ ਹੋ ਜਾਂਦੀਆਂ ਹਨ। ਪੂੰਜੀਵਾਦੀ ਸਮਾਜਕ ਢਾਂਚੇ ਦੀਆਂ ਜੜ੍ਹਾਂ ਪਤਾ ਨਾ ਹੋਣ ਕਰਕੇ ਉਨ੍ਹਾਂ ਨੂੰ ਸਿਰਫ ਇਤਨਾ ਪਤਾ ਹੈ ਕਿ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ ਦੀਆਂ ਆਰਥਿਕ ਜੜ੍ਹਾਂ ਖੋਖਲੀਆਂ ਹੋ ਰਹੀਆਂ ਹਨ। ਇਸ ਗੱਲ ਦੀ ਪੁਸ਼ਟੀ ਨੇਤਾ ਦੇ ਵਾਰਾਤਾਲਾਪ ਤੋਂ ਹੁੰਦੀ ਹੈ।

ਨੇਤਾ – ਜੇ ਸਾਡੇ ਦਿਮਾਗ ਦੀਆਂ ਚੱਕਰੀਆਂ ਨਾ ਚੱਲਦੀਆਂ ਤਾਂ ਸਾਡੇ ਆਲੀਸ਼ਾਨ ਬੰਗਲੇ ਕਿਵੇਂ ਬਣਦੇ...

ਸਾਡੀ ਅਕਲ ਦੇ ਘੋੜੇ ਤੇਜ ਦੋੜਦੇ ਨੇ ਤੇ ਲੋਕਾਂ ਦੇ ਸਿਰ 'ਚ ਖੂਬੀ ਮਿੱਟੀ ਘੱਟਾ ਪਾਉਂਦੇ ਨੇ, ਇੱਧਰ ਅੱਧੀ ਅਧੀ ਰਾਤ ਤੱਕ ਸਾਡੀਆਂ ਪਾਰਟੀਆਂ ਕਿਵੇਂ ਰੰਗੀਨ ਚਲਦੀਆਂ ਨੇ।

ਨਾਟਕ ਵਿੱਚ ਇਹ ਪੱਖ ਵੀ ਵਿਚਾਰਨ ਯੋਗ ਹੈ ਕਿ ਇਹ ਉਦਯੋਗਪਤੀਆਂ ਅਤੇ ਵਪਾਰੀਆਂ ਦੀ ਮੁਨਾਫਾਖੋਰੀ ਦੀ ਰੁਚੀ ਮੰਗਿਆਈ ਵੱਧ ਜਾਣ ਦਾ ਦੂਜਾ ਕਾਰਨ ਹੈ, ਹਰ ਬੰਦਾ ਮੰਗਿਆਈ ਦਾ ਮਾਰਿਆ ਪਿਆ ਹੈ। ਇਸ ਗੋਰਖ ਧੰਦੇ ਵਿੱਚ ਹਰ ਕੋਈ ਉਲਝ ਕੇ ਰਹਿ ਗਿਆ ਹੈ। ਗੀਤ ਦੇ ਬੋਲ ਤੋਂ ਇਹ ਸਥਿਤੀ ਸਪੱਸ਼ਟ ਕਰਦੇ ਹਨ।

ਗੀਤ – ਮੰਗਿਆਈ ਦਾ ਮਾਰਿਆ ਬੰਦਾ
ਰੱਬਾ ਇਹ ਕੀ ਗੋਰਖ ਧੰਦਾ
ਮੰਗਿਆਈ ਹੈ, ਮੰਗਿਆਈ ਹੈ
ਸਭ ਦੀ ਸ਼ਾਮਤ ਆਈ ਹੈ।

ਨਾਟਕਕਾਰ ਨਾਟਕ ਵਿੱਚ ਸਪੱਸ਼ਟ ਕਰਦਾ ਹੈ ਕਿ ਮਿੱਲਾਂ ਦੇ ਮਾਲਕ ਇਕ ਪਾਸੇ ਮਜ਼ਦੂਰਾਂ ਦਾ ਸ਼ੋਸ਼ਣ ਕਰਦੇ ਹਨ। ਦੂਜੇ ਪਾਸੇ ਆਪਣੀ ਪੈਦਾਵਾਰੀ ਮਨਚਾਹੇ ਭਾਅ ਵਧਾਉਂਦੇ ਹਨ। ਨੇਤਾ ਵਰਗੇ ਵਪਾਰੀ, ਵਰਤੋਂ ਦੀਆਂ ਚੀਜ਼ਾਂ ਦੇ ਭੰਡਾਰ ਕਰਕੇ ਨਕਲੀ ਥੁੜ ਪੈਦਾ ਕਰ ਦਿੰਦੇ ਹਨ ਤੇ ਮੰਗ ਜ਼ੋਰ ਫੜਨ ਤੇ ਉੱਚ ਭਾਅ ਤੇ ਵਸਤੂ ਵੇਚ ਕੇ ਭਾਰੀ ਮੁਨਾਫਾ ਕਮਾਉਂਦੇ ਹਨ। ਇਹ ਲੋਕ



ਆਪਣੀ ਪੈਦਾਵਾਰ ਦੇ ਰੇਟ ਵਧਾ ਕੇ ਇਸ ਦੀ ਕਸਰ ਪੂਰੀ ਕਰਦੇ ਹਨ। ਨਾਟਕਕਾਰ ਅਖੀਰ ਵਿੱਚ ਏਕਤਾ ਦੀ ਗੱਲ ਕਰਦਾ ਹੈ ਕਿ ਸਾਨੂੰ ਸਭ ਨੂੰ ਇੱਕ ਹੋਣ ਦੀ ਲੋੜ ਹੈ ਤਾਂ ਜੋ ਇਹ ਲਹੂ ਪੀਣੀਆਂ ਜੋਕਾਂ ਤੋਂ ਛੁਟਕਾਰਾ ਪਾਇਆ ਜਾ ਸਕੇ।

ਬਿੱਟੂ; ਇਸ ਧਰਤੀ ਦੇ ਕਾਮੇਂ
ਕਿਸਮਤ ਖੁਦ ਬਣਾਉਣਗੇ
ਖੂਨ ਪਸੀਨੇ ਦੀ ਮਹਿਕ ਨਾਲ
ਦਾ ਗੱਡਾ ਚਲਾਉਣਗੇ।

ਕਿਸੇ ਵੀ ਦੇਸ਼, ਸਮਾਜ ਕੌਮਾਂ ਦੇ ਸਿੱਖਿਆ ਪ੍ਰਬੰਧ ਵਿੱਚ ਉਥੇ ਦੇ ਅਧਿਆਪਕਾਂ ਦਾ ਬੜਾ ਅਹਿਮ ਅਤੇ ਮਹੱਤਵਪੂਰਨ ਰੋਲ ਹੁੰਦਾ ਹੈ। ਜੇਕਰ ਇਹ ਕਹਿ ਦਿੱਤਾ ਜਾਵੇ ਕਿ ਕਿਸੇ ਰਾਜ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਅਧਿਆਪਕਾਂ ਦੇ ਦੁਆਲੇ ਹੀ ਘੁੰਮਦੀ ਹੈ ਤਾਂ ਇਸ ਵਿੱਚ ਅਤਿਕਥਨੀ ਨਹੀਂ ਹੋਵੇਗੀ। ਅਧਿਆਪਕਾਂ ਤੋਂ ਬਿਨਾਂ ਵਿਦਿਅਕ ਸੰਸਥਾਵਾਂ ਨਿਰਜੀਵ ਵਸਤੂਆਂ ਦੇ ਸਮਾਨ ਹੁੰਦੀਆਂ ਹਨ। ਅਧਿਆਪਕ ਵਿਦਿਆਰਥੀਆਂ ਦੇ ਰਾਹ ਦਿਸੇਰਾ ਹੋਣ ਤੋਂ ਇਲਾਵਾ ਉਨ੍ਹਾਂ ਦੇ ਅਧਿਆਤਮਕ ਅਤੇ ਬੋਧਿਕ ਮਾਤਾ-ਪਿਤਾ ਵੀ ਹੁੰਦੇ ਹਨ। ਉਹ ਆਪਣੇ ਵਿਦਿਆਰਥੀਆਂ ਨੂੰ ਅਗਿਆਨਤਾ ਦੇ ਹਨੇਰੇ ਤੋਂ ਗਿਆਨ ਦੀ ਰੋਸ਼ਨੀ ਵੱਲ ਲੈ ਕੇ ਜਾਣ ਵਾਲੇ ਰਹਿਬਰ ਹੁੰਦੇ ਹਨ। ਉਹ ਆਪਣੇ ਵਿਦਿਆਰਥੀਆਂ ਦਾ ਸਰੀਰਕ, ਮਾਨਸਿਕ, ਭਾਵਾਤਿਮਕ, ਬੋਧਿਕ, ਸਮਾਜਿਕ, ਨੈਤਿਕ, ਸਭਿਆਚਾਰ ਅਤੇ ਵਿਕਾਸ ਕਾਰਨ ਵਿੱਚ ਬੜੀ ਵੱਡੀ ਅਤੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬੇਗੋਵਾਲੀਆ ਅਕਾਦਮਿਕ ਵਾਤਾਵਰਣ ਦੀ ਪ੍ਰਦੂਸ਼ਿਤ ਹੋ ਰਹੀ ਦਾਸਤਾਨ ਨੂੰ ਆਪਣੇ ਚੌਥੇ ਇਕਾਂਗੀ ਸਕੂਲ ਦੀ ਸਿਆਸਤ 'ਚ ਰੂਪਮਾਨ ਕਰਨ ਦਾ ਪ੍ਰਯਤਨ ਕਰਦਾ ਹੈ। ਇਸ ਨਾਟਕ ਵਿੱਚ ਨਾਟਕਕਾਰ ਸਕੂਲ ਵਿੱਚ ਅਧਿਆਪਕਾਂ ਦੀ ਡਿਊਟੀ ਤੇ ਉਨ੍ਹਾਂ ਦੇ ਚਰਿੱਤਰ ਤੇ ਕੁਰਾਹੇ ਪਈ ਨੌਜਵਾਨ ਪੀੜ੍ਹੀ ਦਾ ਅਧਿਆਪਕ ਵਰਗ ਅਤੇ ਮਾਂ-ਪਿਉ ਸਾਹਮਣੇ ਆਸਾਂ ਦੇ ਚਿਰਾਗ ਦੀ ਬੁੱਝਦੀ ਲੋਅ ਹੈ।

ਦਿਸ਼ਾਹੀਣ ਨੌਜਵਾਨ ਪੀੜ੍ਹੀ ਵਿੱਚੋਂ ਸ਼ਿਸ਼ਟਾਚਾਰ ਦੇ ਅੰਸ਼ ਮਨਫੀ ਹੁੰਦੇ ਜਾ ਰਹੇ ਹਨ। ਪੱਛਮੀ ਕਰਨ ਦਾ ਪ੍ਰਭਾਵ ਨੌਜਵਾਨ ਵਰਗ ਨੂੰ ਇਤਿਹਾਸ ਤੋਂ ਬੇਮੁੱਖ ਕਰ ਰਿਹਾ ਹੈ ਤੇ ਇਹ ਪੀੜ੍ਹੀ ਆਪਣੀਆਂ ਜ਼ਿੰਮੇਵਾਰੀਆਂ ਤੇ ਕਰਤੱਵਾਂ ਤੋਂ ਮੁਨਕਰ ਹੁੰਦੀ ਜਾ ਰਹੀ ਹੈ। ਬੁੱਧੀ ਦਾ ਗਿਰਾਫ ਦਿਨੋ ਦਿਨ ਡਿੱਗਦਾ ਜਾ ਰਿਹਾ ਹੈ। ਨਾਟਕਕਾਰ ਇਸ ਨਾਟਕ ਵਿੱਚ ਇਸ ਕਾਰਜ ਲਈ ਜ਼ਿੰਮੇਵਾਰ ਧਿਰਾਂ ਨੂੰ ਜਿਸ ਵਿੱਚ ਅਧਿਆਪਕ ਵਰਗ ਤੇ ਸਕੂਲ ਦਾ ਮੁਖੀ ਮਾਂ-ਬਾਪ ਦੀ ਸ਼ਨਾਖਤ ਕਰਦਾ ਹੈ ਅਤੇ ਅਧਿਆਤਮਕ ਦੀਆਂ ਅਣਗਹਿਲੀ ਨੂੰ ਜੜੋਂ ਖਤਮ ਕਰਨ ਦਾ ਆਪਣਾ ਉਦੇਸ਼ ਹੈ। ਜਿਸ ਵਿੱਚ ਕਾਫੀ ਹੱਦ ਤੱਕ ਸਫਲ ਵੀ ਹੋਇਆ ਹੈ।

ਬਖਤੌਰ ਵਰਗੇ ਅਧਿਆਤਮਕ ਜੋ ਵਿਦਿਆਰਥੀ ਵਰਗ ਵਿੱਚ ਨਕਾਰਾਤਮਕ ਸੋਚ ਨੂੰ ਪੈਦਾ ਕਰਦੇ ਨੇ ਤੇ ਵਿਦਆਰਥੀ ਵਰਗ ਨੂੰ ਤਬਾਹ ਕਰਕੇ ਸਮਾਜ ਦਾ ਰੂਪ ਵਿਗਾੜਦੇ ਹਨ। ਜ਼ਿਆਦਾਤਰ ਇਹੋ ਜਿਹੇ ਅਧਿਆਪਕ ਜੋ ਸਮੇਂ ਸਿਰ ਸਕੂਲ ਨਹੀਂ ਆਉਂਦੇ, ਜੇ ਆ ਵੀ ਜਾਣ ਬੁੱਝ ਕੇ ਕੁਝ ਵੀ ਪੜ੍ਹਾਉਂਦੇ ਨਹੀਂ ਜਿਸ ਕਾਰਨ ਵਿਦਿਆਰਥੀ ਸਕੂਲ ਤੋਂ ਭੱਜਦੇ ਹਨ ਆਦਿ ਵਰਤਾਰੇ ਸਾਂਝੇ ਤੌਰ ਤੇ ਸਰਕਾਰ, ਅਧਿਆਪਕ, ਵਿਦਿਆਰਥੀ ਅਤੇ ਮਾਪੇ ਸਭ ਸ਼ਾਮਲ ਹਨ। ਸਿੱਖਿਆ ਦੇ ਪੱਧਰ ਅਤੇ ਸਮਾਜ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਵੱਖ-ਵੱਖ ਤੱਤਾਂ ਵਿੱਚੋਂ ਅਧਿਆਪਕਾਂ ਦੇ ਗੁਣ ਚਰਿੱਤਰ ਅਤੇ ਉਨ੍ਹਾਂ ਦੀ ਵਿਦਿਅਕ ਯੋਗਤਾ ਨੂੰ ਸਭ ਤੋਂ ਵਧੇਰੇ ਮਹੱਤਵਪੂਰਨ ਹੈ।

ਬੇਗੋਵਾਲੀਆ ਆਪਣੇ ਨਾਟਕਾਂ ਰਾਹੀਂ ਸੰਘਰਸ਼ ਸਿਰਜਦਾ ਹੈ ਇਹ ਉਹ ਸੰਘਰਸ਼ ਹੈ, ਆਪਣੇ ਫਰਜ਼ਾਂ ਦੀ ਪੂਰਤੀ ਦਾ, ਜਿਸ ਤੋਂ ਥੋੜ੍ਹੀ ਜਿਹੀ ਕੀਤੀ ਕੁਤਾਹੀ ਵੀ ਸਮਾਜ ਲਈ ਮਾਰੂ ਹੋ ਸਕਦੀ ਹੈ ਕਿਉਂਕਿ ਅੱਜ ਦਾ ਵਰਤਮਾਨ ਅਤੇ ਭਵਿੱਖ ਨੌਜਵਾਨ ਪੀੜ੍ਹੀ ਦੇ ਮੋਢਿਆਂ ਤੇ ਹੈ। ਇਸ ਤਰ੍ਹਾਂ ਨਾਟਕਕਾਰ ਇਸ ਨਾਟਕ ਰਾਹੀਂ ਵਿਦਿਅਕ ਵਾਤਾਵਰਣ ਵਿੱਚ ਫੈਲੇ ਕੂਹਜ ਨੂੰ ਹੂੰਝ ਸੁੱਟਣ ਲਈ ਹੰਭਲਾ ਮਾਰਨ ਦੀ ਪ੍ਰੇਰਨਾ ਦਿੰਦਾ ਹੈ।

ਇਸ ਤਰ੍ਹਾਂ ਸਤਵਿੰਦਰ ਬੇਗੋਵਾਲੀਆ ਦੇ ਨਾਟਕ ਨਵੇਂ ਨਰੋਏ ਉਸਾਰੂ ਸਮਾਜ ਲਈ ਪਿੜ ਤਿਆਰ ਕਰਦੇ ਹੋਏ ਨਿਰਣਾਇਕ ਭੂਮਿਕਾ ਨਿਭਾਉਂਦੇ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹ ਪੇਂਡੂ ਸਮਾਜ ਦੀ ਹਰ ਸਮੱਸਿਆ ਦੇ ਕੋਣ ਤੋਂ ਵੇਖਦਾ ਹੈ ਕਿ ਉਹ ਪੇਂਡੂ ਲੋਕਾਂ ਦੀਆਂ ਲੋੜਾਂ ਥੁੜਾਂ ਘਾਟਾਂ, ਮਜਬੂਰੀਆਂ, ਵਿੱਦਿਅਕ ਢਾਂਚੇ ਦਾ ਗਿਰਾਫ ਹੇਠਾਂ ਡਿੱਗਣ ਵਿੱਚ ਅਧਿਆਪਕ ਵਰਗ ਦੇ ਰੋਲ ਨੂੰ ਬਾਖੂਬੀ ਢੰਗ ਨਾਲ ਚਿੱਤਰ ਕੇ ਇੱਕ ਸੁਨੇਹਾ ਸਮਾਜ ਨੂੰ ਦੇਣਾ ਚਾਹੁੰਦੇ ਹਨ। ਸਤਵਿੰਦਰ ਬੇਗੋਵਾਲੀਆ ਦੀ ਨਾਟ ਰਚਨਾ ਦੇ ਪ੍ਰਸੰਗ ਵਿੱਚ ਚਰਚਾ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਉਹ ਨਾਟਕੀ ਮਰਿਆਦਾ ਦੇ ਦਾਇਰੇ ਤੋਂ ਨਿਕਲ ਕੇ ਆਪਣੇ ਕਿਸੇ ਵੀ ਪਾਤਰ ਮੂੰਹੋਂ ਭਾਸ਼ਾਈ ਪ੍ਰਵਚਨ ਦੀ ਲੜੀ ਨਹੀਂ ਲਾਉਂਦਾ ਸਗੋਂ ਉਸ ਦਾ ਥੀਏਟਰ ਮੱਧਵਰਗੀ ਸਰੋਕਾਰਾਂ ਨੂੰ ਆਧੁਨਿਕ ਯੁੱਗ ਵਿੱਚ ਲਿਆ ਕੇ ਇੱਕ ਨਵੇਂ ਢੰਗ ਦੀ ਆਦਾਰਸ਼ਵਾਦੀ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਵੀ ਬਣਦਾ ਹੈ।

**ਪ੍ਰੋ. ਗੁਰਜੀਤ ਕੌਰ**
**ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ**

◆◆◆

# ਪਾਠਕ ਦਰਪਣ

**ਸਤਿ ਸ੍ਰੀ ਅਕਾਲ ਸੰਪਾਦਕ ਸਾਹਿਬ ਜੀ।**

28-2-16 ਦਿਨ ਐਤਵਾਰ

ਐਸ. ਡੀ. ਕਾਲਜ ਵਿੱਚ ਆਪ ਜੀ ਨੂੰ ਮਿਲਣ ਦਾ ਮੌਕਾ ਮਿਲਿਆ ਅਤੇ ਆਪ ਜੀ ਪਾਸੋਂ ਮੈਗ਼ਜ਼ੀਨ 'ਰੂਪ ਪੰਜਾਬੀ' ਪ੍ਰਾਪਤ ਹੋਇਆ। ਇਹ ਮੈਗਜ਼ੀਨ ਮੈਨੂੰ ਬਹੁਤ ਵਧੀਆ ਲੱਗਾ। ਇਹ ਮੈਗਜ਼ੀਨ ਮੈਨੂੰ ਦੂਜੇ ਮੈਗਜ਼ੀਨਾ ਨਾਲੋਂ ਕੁਝ ਜ਼ਿਆਦਾ ਵਧੀਆ ਤੇ ਭਿੰਨ ਲੱਗਾ, ਕਿਉਂਕਿ ਇਸ ਵਿਚਲਾ ਸਾਰਾ ਮੈਟਰ ਹੀ ਬਹੁਤ ਵਧੀਆ ਸੀ ਜਿਵੇਂ ਕਿ ਲੇਖ, ਕਹਾਣੀ/ਮਿੰਨੀ ਕਹਾਣੀ, ਨਾਟਕ/ਇਕਾਂਗੀ, ਕਵਿਤਾਵਾਂ, ਗ਼ਜ਼ਲਾਂ ਤੇ ਗੀਤ, ਪਹਿਲੀ ਵਾਰ ਜਨਵਰੀ-ਮਾਰਚ 2016 ਅੰਕ ਪੜ੍ਹਿਆ ਤੇ ਮੈਂ ਇਸ ਮੈਗਜ਼ੀਨ ਦਾ ਦੀਵਾਨਾ ਹੋ ਗਿਆ ਹਾਂ।

ਆਪ ਜੀ ਦਾ ਵਿਸ਼ਵਾਸ ਪਾਤਰ

**ਗੀਤਕਾਰ - ਲਖਣ ਮੇਘੀਆਂ**
**ਪਿੰਡ-ਮੇਘੀਆਂ, ਡਾ-ਪੁਰਾਣਾ ਸ਼ਾਲਾ, ਜ਼ਿਲ੍ਹਾ - ਗੁਰਦਾਸਪੁਰ**
**ਮੋਬਾਇਲ** : 78377-51034

◆◆◆



**ਸਤਿਕਾਰ ਯੋਗ ਸਤਵਿੰਦਰ ਜੀ,**

'ਸਾਹਿਤਕ ਅਦਾਬ'

'ਰੂਹ ਪੰਜਾਬੀ' ਲਗਾਤਾਰ ਮਿਲ ਰਿਹਾ-ਧੰਨਵਾਦ।

ਸਾਰਾ ਮੈਟਰ ਵਧੀਆ ਹੁੰਦਾ ਹੈ - ਕਾਵਿ ਰਚਨਾਵਾਂ ਦੇ ਨਵੇਂ ਲੇਖਕਾਂ ਨੂੰ ਬੇਨਤੀ ਕਰੋ ਕਿ ਉਹ ਹੋਰ ਮਿਹਨਤ ਕਰਿਆ ਕਰਨ ਤੇ ਕਿਸੇ ਉਸਤਾਦ ਤੋਂ ਸਲਾਹ ਜ਼ਰੂਰ ਲਿਆ ਕਰਨ।

ਸੰਪਾਦਕੀ ਪਿਆਰੀ ਤੇ ਜਾਣਕਾਰੀ ਦੇ ਨਾਲ ਰਹਿਨੁਮਾਈ ਕਰਨ ਵਾਲਾ ਹੁੰਦਾ ਹੈ ।

ਲੇਖ ਵਧੀਆ ਤੇ ਜਾਣਕਾਰੀ ਭਰਪੂਰ ਹੁੰਦੇ ਹਨ।

ਸ਼ੁਭ ਚਿੰਤਕ

**ਕਲਿਆਣ ਅੰਮ੍ਰਿਤਸਰੀ**
**1096, ਗਲੀ ਨੰ. 7, ਅਬਾਦੀ ਕਰਮਪੁਰਾ, ਅੰਮ੍ਰਿਤਸਰ।**
**ਮੋਬਾਇਲ** : 80543-81351

◆◆◆

**ਸਤਿਕਾਰ ਸਹਿਤ ਰੂਪ ਪੰਜਾਬੀ ਪਰਿਵਾਰ ਨੂੰ ਸਤਿਸ੍ਰੀ ਅਕਾਲ।**

ਇਸ ਗੱਲ ਤੇ ਗਰਵ ਮਹਿਸੂਸ ਕਰਦਾ ਹਾਂ ਕਿ ਤੁਹਾਡਾ ਤਿਮਾਹੀ ਮੈਗਜ਼ੀਨ ਰੂਹ ਪੰਜਾਬੀ ਟਾਈਮ ਸਿਰ ਮੈਨੂੰ ਮਿਲ ਰਿਹਾ ਹੈ ਅਤੇ ਪੜ੍ਹ ਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਤੁਸੀਂ ਇਕ ਵੀ ਨਾਗਾ ਨਹੀਂ ਪਾਉਂਦੇ ਤੇ ਮੈਨੂੰ ਨਵੀਆਂ-ਨਵੀਆਂ ਕਲਮਾਂ ਪੜ੍ਹਨ ਦਾ ਮੌਕਾ ਮਿਲਦਾ ਹੈ। ਉਮੀਦ ਹੈ ਮੇਰੀਆਂ ਇਹ ਭੇਜੀਆਂ ਰਚਨਾਵਾਂ ਨੂੰ ਰੂਹ ਪੰਜਾਬੀ ਮੈਗਜੀਨ ਵਿਚ ਛਪਣ ਯੋਗ ਸਮਝੋਗੇ।

ਧੰਨਵਾਦ ਸਹਿਤ

**ਦਿਲਰਾਜ ਸਿੰਘ ਦਰਦੀ**
**ਮੋਬਾਇਲ** : 96752-03049, 98729-3636

◆◆◆

**ਸਤਿਕਾਰ ਯੋਗ ਵੀਰ ਸਤਵਿੰਦਰ ਬੇਗੋਵਾਲੀਆ,**

ਪਿਆਰ ਭਰੀ ਸਤਿ ਸ੍ਰੀ ਅਕਾਲ

ਆਪ ਜੀ ਅਤੇ ਆਪ ਜੀ ਤ੍ਰੈਮਾਸਿਕ ਪੱਤ੍ਰਿਕਾ 'ਰੂਹ ਪੰਜਾਬੀ' ਦੀ ਚੜ੍ਹਦੀਕਲਾ ਲਈ ਵਾਹਿਗੁਰੂ ਕੋਲ ਅਰਦਾਸ ਕਰਦਾ ਹਾਂ।

ਆਪ ਜੀ ਵੱਲੋਂ ਪੰਜਾਬੀ : ਸਾਹਿਤ ਲਈ ਜੋ ਇਹ ਉਪਰਾਲਾ ਕੀਤਾ ਜਾ ਰਿਹਾ ਹੈ ਬਹੁਤ ਸ਼ਲਾਘਾਯੋਗ ਹੈ। ਇਸ ਰਾਹੀਂ ਪੰਜਾਬੀ ਸਹਿਤ ਨਾਲ ਪਿਆਰ ਕਰਨ ਵਾਲੇ ਲੇਖਕਾਂ ਕਵੀਆਂ ਨੂੰ ਪੰਜਾਬੀਆਂ ਦੇ ਰੂ-ਬ-ਰੂ ਹੋਣ ਦਾ ਮੌਕਾ ਮਿਲੇਗਾ। ਇਸ ਅੰਕ ਦੀ ਟਾਈਟਲ ਕਵਿਤਾ ਜੋ ਗੁਰੂ ਨਾਨਕ ਦੇਵ ਜੀ ਨੂੰ ਸੰਬੋਧਿਤ ਸੀ ਬਹੁਤ ਹੀ ਵਧੀਆ ਤਰੀਕੇ ਨਾਲ ਸਮਾਜ ਦੀ ਅਜੋਕੀ ਗਿਰਾਵਟ ਨੂੰ ਬਿਆਨ ਕਰਦੀ ਨਜ਼ਰ ਆਉਂਦੀ ਹੈ। ਆਪ ਜੀ ਤੇ 'ਰੂਹ ਪੰਜਾਬੀ' ਨਾਲ ਸਾਂਝ ਬਣਾਉਣ ਮੈਂ 'ਹਮਦਰਦਵੀਰ ਨੌਸ਼ਹਿਰਵੀ, ਜੀ ਵੀ ਧੰਨਵਾਦ ਕਰਦਾ ਹੋਇਆ 'ਰੂਹ ਪੰਜਾਬੀ' ਦੀ ਸਾਰੀ ਟੀਮ ਦੀ ਤਰੱਕੀ ਲਈ ਸ਼ੁਭ ਕਾਮਨਨਾਵਾਂ ਮੰਗਦਾ ਹਾਂ।

**ਕੰਵਲਬੀਰ ਸਿੰਘ ਪੰਨੂੰ**
**ਮੋਬਾਇਲ** : 98766-98068